ਵਰ੍ਹਾ : ਉਨੰਜਵਾਂ

ਅੰਕ : ਜੂਨ-2020

ਅਣੂ

ਮਿੰਨੀ ਰਚਨਾਵਾਂ ਦੀ ਪਹਿਲੀ ਪੱਤ੍ਰਿਕਾ

ਮਿੰਨੀ ਕਹਾਣੀ ਵਿਸ਼ੇਸ਼ ਅੰਕ

ਕਿਸਾਨੀ ਜਨ-ਜੀਵਨ-2



ਸੰਪਾਦਕ: ਸੁਰਿੰਦਰ ਕੈਲੇ

ਸੰਪਾਦਕ: ਸੁਰਿੰਦਰ ਕੈਲੇ
234-ਐਫ, ਸ਼ਹੀਦ ਭਗਤ ਸਿੰਘ ਨਗਰ,
ਪੱਖੋਵਾਲ ਰੋਡ, ਲੁਧਿਆਣਾ-141013
ਜੇਬੀ ਫੋਨ: 9872591653
ਈਮੇਲ: kailayanu@gmail.com

ਲੜੀ ਜੋੜਨ ਲਈ ਦੇਖੋ ਅੰਕ ਮਾਰਚ-2020

ਕਿਰਸਾਨ ਦੀ ਮੌਤ / ਸੁਖਮਿੰਦਰ ਸੇਖੋਂ

ਵੰਡ ਤੋਂ ਬਾਅਦ ਉਸਦੇ ਹਿੱਸੇ ਬਹੁਤ ਥੋੜੀ ਜ਼ਮੀਨ ਆਈ ਸੀ ਬੇਸ਼ਕ ਉਹ ਗੱਡਵੀਂ ਮਿਹਨਤ ਕਰਦਾ ਸੀ, ਪ੍ਰੰਤੂ ਇਸਦੇ ਬਾਵਜੂਦ ਉਸਦੇ ਖਰਚੇ ਪੂਰੇ ਨਾ ਹੁੰਦੇ। ਗੁਰਦੀਪ ਦਿਨ ਰਾਤ ਇਸੇ ਚਿੰਤਾ ਵਿੱਚ ਘਿਰਿਆ ਰਹਿੰਦਾ। ਘੱਟ ਪੜਿਆ ਲਿਖਿਆ ਹੋਣ ਕਰਕੇ ਨੌਕਰੀ ਵੀ ਸੰਭਵ ਨਹੀਂ ਸੀ। ਹੋਰਨਾਂ ਵਾਂਗ ਉਸਦਾ ਵੀ ਚਿੱਤ ਕਰਦਾ ਕਿ ਉਹ ਕਿਸੇ ਬਾਹਰਲੇ ਮੁਲਕ ਨੂੰ ਨਿਕਲ ਤੁਰੇ ਤੇ ਆਪਣੀਆਂ ਮੁਸ਼ਕਿਲਾਂ ਤੇ ਦੁਸਵਾਰੀਅ: ਦਾ ਅੰਤ ਕਰ ਦੇਵੇ। ਪ੍ਰੰਤੂ ਓਰ ਸਾਰਾ ਰੁਪਿਆ ਕਿੱਥੋਂ ਆਉਂਦਾ ? ਮਾਂ ਤੇ ਪਤਨੀ ਨਾਲ ਸਲਾਹ ਕਰਦਾ, ਬੱਚੇ ਤਾਂ ਹਾਲੇ ਨਿੱਕੇ ਹੀ ਸਨ। ਜ਼ਮੀਨ 'ਤੇ ਕਰਜ਼ਾ ਲੈਣਾ ਜਾਂ ਜ਼ਮੀਨ ਹੀ ਵੇਚ ਦੇਣ ਵਾਲੇ ਖਿਆਲ ਨੂੰ ਉਹ ਮੂਲੋਂ ਹੀ ਰੱਦ ਕਰ ਦਿੰਦਾ।

ਰਾਤਾਂ ਨੂੰ ਵੀ ਉਸਨੂੰ ਖਿਆਲ ਘੇਰੀ ਰੱਖਦੇ। ਸੁਪਨੇ ਵੀ ਸੁਖਾਵੇ ਨਾ ਆਉਂਦੇ, ਡਰਾਉਣੇ ਤੇ ਭਿਆਨਕ!

ਕਦੇ ਕਦੇ ਤਾਂ ਉਹ ਆਤਮ-ਹੱਤਿਆ ਕਰਨ ਦੀ ਹੱਦ ਤੱਕ ਵੀ ਚਲਾ ਜਾਂਦਾ - ਲਾਹਨਤ ਐ ਅਜਿਹੀ ਨਰਕੀ ਜ਼ਿੰਦਗੀ ਤੋਂ - ? ਰੇਲ ਗੱਡੀ ਥੱਲੇ ਸਿਰ ਰੱਖਦੇ, ਗਲ ਸਾਫਾ ਪਾ ਕੇ ਫਾਹਾ ਲੈ ਜਾਂ ਫੇਰ ਕੀੜੇ ਮਾਰ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਖਤਮ ਕਰ ਦੇ ਗੁਰਦੀਪ ਸਿੰਹਾਂ! ਪ੍ਰੰਤੂ ਇੱਕ ਦਿਨ ਉਹ ਇਸ ਉਧੇੜ ਬੁਣ ਵਿੱਚੋਂ ਬਾਹਰ ਨਿਕਲਿਆ ਤੇ ਆਪਣਾ ਪੁਰਾਣਾ ਜਿਹਾ ਸਕੂਟਰ ਮੁਸ਼ਕਿਲ ਨਾਲ ਸਟਾਰਟ ਕੀਤਾ ਅਤੇ ਸ਼ਹਿਰ ਵੰਨੀ ਹੋ ਤੁਰਿਆ। ਸਕੂਟਰ ਆਪਣੇ ਕਿਸੇ ਜਾਣੂੰ ਦੀ ਦੁਕਾਨ 'ਤੇ ਖੜਾ ਕੀਤਾ ਤੇ ਪੈਦਲ ਹੀ ਚੌਕ ਵਿੱਚ ਜਾ ਪਹੁੰਚਾ। ਹੁਣ ਉਹ ਕਿੰਨੇ ਚਿਰ ਤੋਂ ਆਪਣੇ ਦੂਸਰੇ ਮਜ਼ਦੂਰ ਸਾਥੀਆਂ ਵਾਂਗ ਸ਼ਿੱਦਤ ਨਾਲ ਕਿਸੇ ਮਿਹਰਬਾਨ ਦੀ ਉਡੀਕ ਕਰਨ ਲੱਗਾ ਸੀ।

ਖ਼ੁਦਕੁਸ਼ੀ ਨੋਟ/ ਸੁਖਮਿੰਦਰ ਸੇਖੋਂ

ਮੈਂ ਇੱਕ ਕਿਰਸਾਨ ਆਪਣੇ ਪੂਰੇ ਹੋਸ਼-ਹਵਾਸ ਨਾਲ ਆਪਣੀ ਆਤਮ-ਹੱਤਿਆ ਸਬੰਧੀ ਖ਼ੁਦਕੁਸ਼ੀ ਨੋਟ ਲਿਖਕੇ ਦੁਨੀਆਂ ਤੋਂ ਰੁਖ਼ਸਤ ਹੋ ਰਿਹਾ ਹਾਂ। ਹਾਲਾਕਿ ਸਮਾਜ ਇਸ ਨੂੰ ਬੁਜ਼ਦਿਲੀ ਸਮਝਦੈ ਤੇ ਕਨੂੰਨ ਦੀ ਨਜ਼ਰ ਵਿੱਚ ਵੀ ਇਹ ਇੱਕ ਜੁਰਮ ਹੈ। ਮੈਂ ਘੱਟ ਜ਼ਮੀਨ ਨਿਮਨ ਕਿਰਸਾਨ ਸੱਚੋ-ਸੱਚ ਬਿਆਨ ਕਰਦਾ ਹਾਂ ਕਿ ਮੇਰੀ

ਇੱਕ ਸਿੱਧੀ ਸਾਦੀ ਤੇ ਸੁਘੜ ਸਿਆਣੀ ਪਤਨੀ ਹੈ ਤੇ ਇੱਕ ਚੰਗੀ ਖਾਸੀ ਪੜ੍ਹੀ ਲਿਖੀ ਧੀ ਵੀ। ਬੁੱਢੀ ਬਿਮਾਰ ਮਾਂ ਦੀ ਜ਼ਿਮੇਵਾਰੀ ਵੀ ਮੇਰੇ ਸਿਰ 'ਤੇ ਹੈ।

ਮੇਰੇ ਕੋਲ ਖੇਤੀ ਲਈ ਅਜਿਹਾ ਕੋਈ ਸੰਦ ਨਹੀਂ ਜਿਸ ਨੂੰ ਸਾਡਾ ਬਾਜ਼ਾਰ ਆਧੁਨਿਕ ਤਕਨੀਕ ਦਾ ਨਾਂ ਦੇ ਸਕੇ। ਆਪਣੀ ਬੇਟੀ ਦਾ ਮੈਂ ਇੱਕ ਚੰਗੀ ਥਾਂ ਵੇਖ ਕੇ ਰਿਸ਼ਤਾ ਵੀ ਕਰ ਦਿੱਤਾ ਹੈ। ਬਿਲਕੁਲ ਸਾਦਾ ਵਿਆਹ ਤੇ ਉਹ ਵੀ ਦਾਜ-ਦਹੇਜ ਤੋਂ ਬਿਨਾਂ। ਇਹ ਵੀ ਦੱਸ ਦੇਣ ਦਾ ਇਛੁਕ ਹਾਂ ਕਿ ਮੈਂ ਕਿਸੇ ਵੀ ਪ੍ਰਕਾਰ ਦੇ ਨਸ਼ੇ ਦਾ ਸ਼ੌਕ ਨਹੀਂ ਰੱਖਦਾ, ਐਬ ਦੀ ਗੱਲ ਤਾਂ ਦੂਰ—। ਪ੍ਰੰਤੂ ਇਸ ਦੇ ਬਾਵਜੂਦ ਮੈਂ ਖ਼ੁਦਕੁਸ਼ੀ ਲਈ ਮਜਬੂਰ ਹਾਂ। ਮੇਰੀ ਓਪਰੀ ਜਿਹੀ ਬੇਵਸੀ, ਨੀਰਸਤਾ ਵਿੱਚੋਂ ਹੀ ਇਸ ਖ਼ੁਦਕੁਸ਼ੀ ਸੋਚ ਨੇ ਜਨਮ ਲਿਐ। ਮੈਂ ਇਸ ਲਈ ਕਿਸੇ ਵੀ ਵਿਸ਼ੇਸ਼ ਧਿਰ ਨੂੰ ਇਸ ਦਾ ਦੋਸ਼ੀ ਨਹੀਂ ਮੰਨਦਾ, ਕਿਉਂਕਿ ਮੈਂ ਤਾਂ --

ਇੱਕਦਮ ਰੁਪਿੰਦਰ ਬੌਖਲਾ ਗਿਆ ਤੇ ਉੱਠਕੇ ਬੈਠ ਗਿਆ - ਕਿੰਨਾ ਭਿਆਨਕ ਸੀ ਇਹ ਸੁਪਨਾ-- ?

--ਰੁਪਿੰਦਰ ਸਿੰਘ ਬੈੱਡ ਤੋਂ ਉੱਠਿਆ। ਸੁੱਤੀ ਪਈ ਸ਼ਾਂਤ ਚਿੱਤ ਆਪਣੀ ਪਤਨੀ ਨੂੰ ਨਿਹਾਰਿਆ ਤੇ ਫਿਰ ਆਪਣੀ ਮਾਂ ਦੇ ਮੰਜੇ ਕੋਲ ਗਿਆ। ਉਸਦੀ ਗੋਡਿਆਂ ਤੱਕ ਸਰਕ ਆਈ ਚਾਦਰ ਸੂਤ ਕਰਕੇ ਉਸ ਦੇ ਪੂਰੇ ਸਰੀਰ ਤੇ ਤਾਣ ਦਿੱਤੀ। -- ਹੁਣ ਉਹ ਆਪਣੇ ਬੈੱਡ

ਵੱਲ ਪਰਤਦਿਆਂ ਚਾਣਚੱਕ ਹੀ ਸਿਰ ਮਾਰਕੇ ਹੱਸ ਪਿਆ। ਉਸਦੇ ਅੰਦਰੋਂ ਹੀ ਆਪ ਮੁਹਾਰੇ ਹੀ ਬੋਲ ਨਿਕਲ ਆਏ -- ਖੁਦਕੁਸ਼ੀ-- ? ਕਿਉਂ--- ? -- ਮੈਂ ਕਿਸੇ ਦਾ ਕੁੱਛ ਦੇਣੈ-- ?

ਸਲਫਾਸ/ ਜੁਗਿੰਦਰ ਸਿੰਘ ਨਿਰਾਲਾ

ਗੱਜਣ ਸਿੰਘ ਨੇ ਬੰਦ ਮੁੱਠੀ ਖੋਲੀ। ਬਿਆਈਆਂ ਨਾਲ ਪਾਟੇ ਹੱਥਾਂ ਵਿੱਚ ਸਲਫਾਸ ਦੀਆਂ ਗੋਲੀਆਂ ਦੇਖ ਕੇ ਉੱਸ ਨੂੰ ਧੁੜਧੁੜੀ ਜਿਹੀ ਆਈ। ਪਾਣੀ ਦਾ ਗਿਲਾਸ ਉਸ ਕੋਲ ਹੀ ਪਿਆ ਸੀ, ਉਸਨੇ ਸੋਚਿਆ, ਅਗਲੇ ਪਲ ਹੀ ਉਹ ਸਲਫਾਸ ਦੀਆਂ ਗੋਲੀਆਂ ਨਿਗਲ ਲਵੇਗਾ ਅਤੇ ਉਸਦੀ ਜੀਵਨ ਲੀਲਾ ਖ਼ਤਮ ਹੋ ਜਾਵੇਗੀ ਅਤੇ ਨਾਲ ਹੀ ਖਤਮ ਹੋ ਜਾਵੇਗਾ ਤਿੰਨ ਲੱਖ ਦਾ ਕਰਜ਼ਾ। ਕਰਜ਼ੇ ਦੀ ਕਿਸਤ ਨਾ ਦੇਣ ਕਰਕੇ ਬੈਂਕ ਵਾਲਿਆਂ ਨੇ ਉਸਦੇ ਘਰ ਦੇ ਦਰਵਾਜੇ ਉੱਤੇ ਨੋਟਿਸ ਚਿਪਕਾ ਦਿੱਤਾ ਸੀ " ਗੱਜਣ ਸਿੰਘ ਨੇ ਬੈਂਕ ਦਾ ਕਰਜ਼ਾ ਨਹੀਂ ਸੀ ਮੋੜਿਆ, 21 ਤਰੀਕ ਨੂੰ ਉਸਦਾ ਘਰ ਕੁਰਕ ਕੀਤਾ ਜਾਵੇਗਾ।" ਉਸਨੇ ਇੱਕ ਵਾਰ ਫਿਰ ਨੋਟਿਸ ਪੜਿਆ ਅਤੇ ਸਲਫਾਸ ਦੀਆਂ ਗੋਲੀਆਂ ਵੱਲ ਦੇਖਿਆ। ਉਸਨੂੰ ਜਾਪਿਆ ਹੁਣ ਸਾਰੇ ਫਿਕਰ ਮੁੱਕ ਜਾਣਗੇ। ਸਲਫਾਸ ਖਾਣ ਨਾਲ ਉਹਨੂੰ ਮੁਕਤੀ ਮਿਲ ਜਾਵੇਗੀ----।

"ਪਾਪਾ ਇਹ ਦੇਖੋ ਮੇਰਾ ਨੀਲਾ ਫੋਰਡ।"

ਉਹਨੇ ਦੇਖਿਆ ਉਸਦਾ ਪੁੱਤਰ ਨੀਲਾ ਟਰੈਕਟਰ ਖਿਡੌਣਾ ਲਿਆ ਕੇ ਉਸਨੂੰ ਕਹਿ ਰਿਹਾ ਸੀ,

‘ਮੈਂ ਕੱਲ ਨੂੰ ਖੇਤਾਂ ‘ਚ ਜਾ ਕੇ ਜ਼ਮੀਨ ਵਾਹੂੰਗਾ।’

‘ਪੁੱਤਰ ਤੂੰ ਕਲਾ ਨਹੀਂ, ਆਪਾਂ ਦੋਵੇਂ ਜਾਵਾਂਗੇ ਜ਼ਮੀਨ ਖੇਤ----।’

ਇਨਾਂ ਕਹਿੰਦਿਆਂ ਹੀ ਗੱਜਣ ਸਿੰਘ ਨੇ ਉਸਨੂੰ ਬੁੱਕਲ ਵਿੱਚ ਲੈ ਲਿਆ ਅਤੇ ਸਲਫਾਸ ਦੀਆਂ ਗੋਲੀਆਂ ਖਿੜਕੀ ਰਾਹੀਂ ਵਗਾਹ ਮਾਰੀਆਂ-।

ਜੱਟ/ ਬਿਕਰਮਜੀਤ ਨੂਰ

ਸਬਜ਼ੀ ਮੰਡੀ ਦੇ ਕੋਨੇ ‘ਤੇ ਇੱਕ ਦੁਕਾਨ ਦੇ ਅੱਗੇ ਦੋ ਤਿੰਨ ਪੁਰਾਣੀਆਂ ਬੋਰੀਆਂ ਵਿਛਾ ਕੇ ਪੰਜ-ਸੱਤ ਸਬਜ਼ੀਆਂ ਰੱਖੀ ਬੈਠੇ ‘ਦੇਸੀ’ ਜਿਹੇ ਆਦਮੀ ਤੋਂ ਇੱਕ ਮਾਈ ਨੇ ਪੁੱਛਿਆ, “ਵੀਰੇ ਕੱਦੂ ਕੀ ਭਾਅ ਲਾਏ ਐ ?”

“ਪੰਦਰਾਂ ਰੁਪਏ ਕਿੱਲੋ, ਬੇਬੇ!”

“ਪੰਦਰਾਂ ਤਾਂ ਬਾਹਲੇ ਐ, ਦਸ ਰੁਪਏ ਲਾ ਲੈ।”

“ ਲੈਣੇ ਐਂ ਤਾਂ ਲੈ ਜਾ। ਨਹੀਂ ਤਾਂ ਆਪਣਾ ਰਾਹ ਫੜ”, ਸਬਜ਼ੀ ਵਾਲਾ ਭਾਈ ਜਿਵੇਂ ਘਰੋਂ ਲੜ ਕੇ ਆਇਆ ਸੀ। ਉਹ ਉਸ ਮਾਈ ਨੂੰ ਟੁੱਟ ਕੇ ਪੈ ਗਿਆ ਸੀ,“ ਭਾਲਦੀ ਐ ਕੱਦੂ, ਦਸ ਰੁਪਏ ਕਿੱਲੋ।”

“ ਤੂੰ ਕਿਤੇ ਜੱਟ ਤਾਂ ਨੀ ?” ਮਾਈ ਨੂੰ ਵੀ ਗੁੱਸਾ ਲੱਗ ਗਿਆ ਸੀ। ਇਹ ਅਨੋਖਾ ਜਿਹਾ ਸੁਆਲ ਕਰਨ ਉਪਰੰਤ ਉਹ ਕੁੱਝ ਦੇਰ ਚੁੱਪ ਖੜੀ ਰਹੀ ਸੀ। .. ਫੇਰ, ਸੁਣੀ-ਸੁਣਾਈ ਸੀ ਜਾਂ ਵੈਸੇ, ਸਹਿਜ-

ਸੁਭਾਵਕ ਹੀ ਉਸਦੇ ਮੂੰਹੋਂ ਨਿਕਲ ਗਿਆ ਸੀ, "ਜਦ ਜੱਟ ਦੇ ਹੱਥ ਤੱਕੜੀ ਆ ਜੇ ਤਾਂ ਦੇਸ ਦਾ ਬੇੜਾ ਗਰਕ ਹੋ ਜਾਂਦੈ।"

ਸਬਜ਼ੀ ਵਾਲਾ 'ਬਾਈ' ਗਾਹਕ ਦੇ ਪਹਿਲੇ ਸੁਆਲ 'ਤੇ ਜਿੱਥੇ ਖਾਮੋਸ਼ ਹੋ ਗਿਆ ਸੀ, ਉੱਥੇ ਅਗਲੀ 'ਸਿਰੇ ਵਾਲੀ ਗੱਲ ਨੇ ਉਸਨੂੰ ਹੈਰਾਨ ਵੀ ਕਰ ਦਿੱਤਾ ਸੀ।

'ਦੇਸ਼ ਦਾ ਬੇੜਾ ਗਰਕ ਹੋਵੇ ਜਾਂ ਫਿਰ, ਤਬਰਦਾ ਰਹੇ' - ਦੇ ਫਲਸਫੇ ਨੂੰ ਅਣਗੌਲਿਆਂ ਕਰਦਿਆਂ, ਸਬਜ਼ੀ ਵਾਲੇ ਦੀ ਹੈਰਾਨੀ ਉਸ ਦੀਆਂ ਅੱਖਾਂ ਦੀ ਲਿਸ਼ਕ ਵਿੱਚ ਬਦਲ ਗਈ ਸੀ ਕਿ ਆਖਿਰ ਉਸ ਦੇ 'ਜੱਟ' ਹੋਣ ਦਾ, ਬੁੱਢੀ ਨੂੰ ਪਤਾ ਕਿਵੇਂ ਚੱਲ ਗਿਆ ਸੀ ?

ਮਾਈ ਅੱਗੇ ਚਲੀ ਗਈ ਸੀ, ਪਰ 'ਜੱਟ' ਦੀ ਸੋਚ ਪਿਛਾਂਹ ਵੱਲ ਮੋੜਾ ਖਾ ਗਈ ਸੀ।

ਉਹ 'ਅਸਮਾਨ' ਤੋਂ 'ਜ਼ਮੀਨ' ਤੱਕ ਕਿਵੇਂ ਆ ਪਹੁੰਚਿਆ ? ਉਸ ਦੀ ਬਾਦਸ਼ਾਹੀ ਕਿਵੇਂ ਕੰਗਾਲੀ ਵਿੱਚ ਬਦਲ ਗਈ ? ਮਾਲਕੀ ਕਿਸ ਪ੍ਰਕਾਰ ਮੁਥਾਜੀ ਵਿੱਚ ਤਬਦੀਲ ਹੋ ਗਈ ? ਅਜਿਹੇ ਦੁਖਾਂਤਕ ਪ੍ਰਸ਼ਨਾਂ ਦੀ ਉਧੇੜ-ਬੁਣ ਵਿੱਚ ਉਲਝਿਆਂ, ਜਦ ਉਸ ਦੀ ਸੋਚ ਉਸ ਦੇ ਵਜੂਦ ਤੋਂ ਸੁਤੰਤਰ ਹੋਈ ਤਾਂ ਉਸ ਨੇ ਦੇਖਿਆ ਸੀ, ਉਹੀ ਬੁੱਢੀ-ਮਾਈ ਪਾਰਦਰਸ਼ੀ ਪੋਲੀਥੀਨ ਦਾ ਲਿਫਾਫਾ ਲਟਕਾਈ, ਕੱਦੂ ਲੈ ਕੇ ਉਸ ਦੇ ਮੂਹਰਿਓਂ ਦੀ ਲੰਘਦੀ, ਉਸ ਵੱਲ ਘੂਰ-ਘੂਰ ਕੇ ਦੇਖਦੀ ਜਾ ਰਹੀ ਸੀ।

ਪਰੰਤੂ 'ਜੱਟ' ਨੇ ਉਸ ਨਾਲ ਨਜ਼ਰ ਨਹੀਂ ਸੀ ਮਿਲਾਈ। ਪਹਿਲਾਂ ਤਾਂ ਉਸ ਨੇ ਨੀਵੀਂ ਪਾ ਲਈ ਸੀ ਅਤੇ ਫਿਰ, ਸਿਰ ਫੇਰ ਕੇ ਦੂਜੇ ਪਾਸੇ ਦੇਖਣ ਲੱਗ ਪਿਆ ਸੀ

ਨਹਿੰਗ / ਡਾ. ਗੁਲਜ਼ਾਰ ਸਿੰਘ ਪੰਧੇਰ

ਕਰਤਾਰਾ ਬਲਦਾਂ ਨਾਲ ਖੇਤੀ ਕਰਦਾ ਸੀ। ਜਦੋਂ ਨਵੇਂ ਬੀਜ਼ ਰਸਾਇਣਕ ਖਾਦਾਂ ਤੇ ਕੀੜੇ ਮਾਰ ਦਵਾਈਆਂ ਠਾਈਆਂ ਤਾਂ ਫਸਲਾਂ ਦੇ ਝਾੜ ਵਧ ਗਏ ਕਰਤਾਰੇ ਦਾ ਹੱਥ ਕੁਝ ਸੌਖਾ ਹੋ ਗਿਆ ਤਾਂ ਉਸਨੇ ਹਲਟ ਨਾਲ ਖੂਹ ਵਿੱਚੋਂ ਪਾਣੀ ਕੱਢਣ ਦੀ ਥਾਂ ਡੀਜ਼ਲ ਇੰਜਣ ਵਾਲੀ ਬੰਬੀ ਲਗਾ ਲਈ। ਫੇਰ ਜਦੋਂ ਪੰਜਾਬ ਵਿੱਚ ਝੋਨਾ ਆਇਆ ਤਾਂ ਪਾਣੀ ਦੀ ਵਰਤੋਂ ਵੱਧ ਗਈਝੋਨੇ ਦਾ ਕੱਦੂ ਕਰਨ ਲਈ ਉਸਨੂੰ ਟਰੈਕਟਰ ਲੈਣਾ ਪਿਆ ਪੰਜ ਏਕੜ ਦੀ ਪੈਲੀ ਸੀ ਟਰੈਕਟਰ ਤੇ ਟਰੈਕਟਰ ਦੇ ਸੰਦ ਬਣਾਉਂਦਿਆਂ ਕਰਜ਼ਾ ਚੜਦਾ ਗਿਆ ਪੈਲੀ ਠੇਕੇ ਤੇ ਲੈ ਕੇ ਵੀ 10 ਏਕੜ ਦੀ ਖੇਤੀ ਕਰਨ ਲੱਗਿਆ। ਆਮਦਨ ਟਾਲੋਂ ਖਰਚੇ ਵਧ ਗਏ ਕਬੀਲਦਾਰੀ ਸਿਰ ਚੜ ਗਈ ਕਰਜ਼ਾ ਚੁੱਕ ਕੇ ਧੀ ਦੇ ਹੱਥ ਪੀਲੇ ਕਰਨੇ ਪਏ। ਨੱਕ ਰੱਖਣ ਲਈ ਜਿਮੀਦਾਰ ਨੂੰ ਜਿਮੀਦਾਰ ਹੋ ਕੇ ਵਿਆਹ ਕਰਨਾ ਪਿਆ। ਦੋ ਪੁੱਤ ਭਾਵੇ ਇੱਕ ਧੀ ਤੋਂ ਵੱਡਾ ਸੀ ਪਰ ਪਹਿਲਾਂ ਵਿਆਹ ਲੋਕ ਲੱਜਾ ਵੱਲੋਂ ਧੀ ਦਾ ਹੀ ਕਰਨਾ ਪਿਆ। ਦੋਨੋਂ ਅਕਾਲੀ ਸਰਪੰਚ ਤੇ ਕਾਂਗਰਸੀ ਸਾਬਕਾ ਸਰਪੰਚ ਦੇ ਘਰ ਵੱਖੋਵੱਖ ਜਾਣ ਲੱਗੇ। ਦੋਨੋਂ

ਆਪਸ ਵਿੱਚ ਲੜ ਪੈਂਦੇ। ਨਸ਼ੇ ਦੀ ਲੱਤ ਕਾਰਨ ਉਹ ਸਰਪੰਚ ਤੇ ਸਾਬਕਾ ਸਰਪੰਚ ਦੇ ਹੀ ਹੋ ਕੇ ਰਹਿ ਗਏ। ਪਿੰਡ ਵਿੱਚ ਕਰਤਾਰੇ ਵਰਗੇ ਕਈ ਹੋਰ ਵੀ ਜਿਮੀਦਾਰ ਸਨ। ਛੱਜੂ ਤੇ ਬਿਸ਼ਨਾ ਤਾਂ ਖ਼ੁਦਕੁਸ਼ੀ ਕਰ ਗਿਆ ਸੀ। ਦੋਹਾਂ ਦਹ ਜ਼ਮੀਨ ਸਰਪੰਚ ਤੇ ਸਾਬਕਾ ਸਰਪੰਚ ਨੇ ਪੁਲਿਸ ਤੇ ਸਰਕਾਰੇ ਦਰਬਾਰੇ ਪਹੁੰਚ ਕਾਰਨ ਜਬਰੀ ਲੈ ਲਈ ਸੀ। ਸਿਆਸੀ ਪਹੁੰਚ ਨਾਲ ਉਹਨਾਂ ਨੇ ਉਸ ਜ਼ਮੀਨ ਵਿੱਚ ਮੁਫ਼ਤ ਬਿਜਲੀ ਕੁਨੈਕਸ਼ਨ ਲਗਾ ਲਏ ਸਨ। ਕਰਤਾਰੇ ਦੀ ਜ਼ਮੀਨ ਵਿੱਚ ਪਾਣੀ ਦਾ ਪੱਧਰ ਹੇਠਾਂ ਜਾਣ ਕਾਰਨ ਉਸਨੂੰ 300 ਫੁੱਟ ਡੂੰਘਾ ਬੋਰ ਕਰਾਉਣਾ ਪਿਆ ਸੀ ਕਰਜ਼ਾ ਹੋਰ ਚੜ ਗਿਆ ਸੀ ਖੇਤੀ ਦੇ ਖਰਚੇ ਹੋਰ ਵਧ ਗਏ। ਕਰਜ਼ਾ ਵਧਣ ਤੇ ਆਮਦਨ ਘਟਣ ਨਾਲ ਘਰੇਲੂ ਖੇਤੀ ਸੰਕਟ ਅਕਿਹ ਹੋ ਗਿਆ ਸੀ। ਖੇਤੀ ਛੱਡਣੀ ਪਈ। ਜ਼ਮੀਨ ਠੇਕੇ ਤੇ ਦੇਣੀ ਪਈ ਮੁਫ਼ਤ ਕੁਨੇਕਸ਼ਨ ਵਾਲੀ ਬਿਜਲੀ ਮੋਟਰ ਨਾ ਹੋਣ ਕਾਰਨ ਠੇਕਾ ਵੀ ਘੱਟ ਮਿਲਦਾ ਸੀ। ਠੇਕੇ ਨਾਲੋਂ ਬੈਂਕ ਦੇ ਵਿਆਜ ਦੀ ਰਕਮ ਜਿਆਦਾ ਬਣ ਜਾਂਦੀ।

ਕਰਤਾਰਾ ਸੀ ਪੜਿਆ ਲਿਖਿਆ, ਉਹ ਕਾਮਰੇਡ ਗੁਰਮੇਲ ਪਾਸੋਂ ਪੜਣ ਲਈ ਪੁਸਤਕਾਂ ਲਿਆਉਂਦਾ। ਗੁਰੂਆਂ ਦੀਆਂ ਜੀਵਨੀਆਂ, ਸਹਿਬਜ਼ਾਦਿਆਂ ਦੀਆਂ ਕੁਰਬਾਨੀਆਂ, ਕਰਤਾਰ ਸਿੰਘ ਸਰਾਭੇ ਤੇ ਭਗਤ ਸਿੰਘ ਨੂੰ ਪੜਦਾ। ਉਸਦੀ ਹਾਲਤ ਵੀ ਕਈ ਵਾਰ ਛੱਜੂ ਤੇ ਬਿਸ਼ਨੇ ਵਾਲੀ ਹੋ ਜਾਂਦੀ ਪਰ ਪੜੀਆਂ ਪੁਸਤਕਾਂ ਉਸਨੂੰ ਉਹ ਕਦਮ

ਨਾ ਚੁੱਕਣ ਦਿੰਦੀਆਂ। ਉਸਦੀ ਘਰ ਵਾਲੀ ਗੁਰਦੇ ਫੇਲ ਹੋ ਕੇ ਪਰਲੋਕ ਸਿਧਾਰ ਗਈ। ਉਸ ਲਈ ਇੱਕੋਇੱਕ ਰਾਹ ਬਚਿਆ ਸੀ।

ਉਹ ਗੁਰੂ ਦਾ ਬਾਣਾ ਪਾ ਕੇ ਨਿਹੰਗ ਬਣ ਗਿਆ।

ਧਰਤੀ ਨੂੰ ਬੁਖਾਰ/ਕੁਲਬੀਰ ਸਿੰਘ ਲੈਕਚਰਾਰ

ਘਰ ਬੈਠਾ ਬੈਠਾ ਉਹ ਖੇਤ ਨੂੰ ਤੁਰ ਪਿਆ। ਖੇਤ ਗਿਆ ਤਾਂ ਦੇਖਿਆ ਕਿ ਮੋਟਰ ਤੇ ਲਾਈਟ ਆਈ ਹੋਈ ਸੀ। ਉਸ ਨੇ ਆਪਣੇ ਕਣਕ ਦੇ ਵੱਢ ਵਿੱਚ ਨੱਕਾ ਲਾ ਕੇ ਮੋਟਰ ਛੱਡ ਦਿੱਤੀ ਤੇ ਆਪ ਅੰਦਰ ਆ ਕੇ ਮੰਜੇ ਤੇ ਬੈਠ ਗਿਆ। ਆਪਣੀ ਸਕੂਲ ਪੜਦੀ ਪੋਤੀ ਦੁਆਰਾ ਪੁੱਛੇ ਗਏ ਸਵਾਲਾਂ ਬਾਰੇ ਗੌਰ ਨਾਲ ਸੋਚਣ ਲੱਗਾ , ਅਸੀਂ ਪਰਾਲੀ ਕਿਉਂ ਸਾੜਦੇ ਹਾਂ, ਅਸੀਂ ਝੋਨਾਂ ਹੀ ਕਿਉਂ ਲਾਉਂਦੇ ਹਾਂ, ਅਸੀਂ ਧਰਤੀ ਵਿਚੋਂ ਐਨਾ ਪਾਣੀ ਕਿਉਂ ਕਢਦੇ ਹਾਂ,ਜੇ ਇਸ ਤਰਾਂ ਹੀ ਕਰਦੇ ਰਹੇ ਤਾਂ ਅਸੀਂ ਗੁਰਬਾਣੀ ਦੇ ਸਬਦ,"ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ," ਤੋਂ ਉਲਟ ਚੱਲ ਕੇ ਆਪਣੇ ਆਪ ਨੂੰ ਬਰਬਾਦ ਕਰ ਦੇਵਾਂਗੇ।ਸੋਚਦੇ ਸੋਚਦੇ ਪਤਾ ਹੀ ਨਹੀਂ ਲੱਗਾ ਕਦੋਂ ਉਹ ਪੈ ਗਿਆ ਤੇ ਉਸ ਨੂੰ ਨੀਂਦ ਆ ਗਈ । ਨੀਂਦ ਦੌਰਾਨ ਉਸ ਨੂੰ ਸੁਪਨੇ ਵਿੱਚ ਇੰਝ ਲੱਗਾ ਜਿਵੇਂ ਪਰਾਲੀ ਸਾੜਨ ਕਰਕੇ ਚਾਰ ਚੁਫੇਰੇ ਧੂਆਂ ਹੀ ਧੂਆਂ ਹੋ ਗਿਆ, ਉਸ ਨੂੰ ਕੋਈ ਕਹਿ ਰਿਹਾ ਹੈ ਕਿ ਧਰਤੀ ਨੂੰ ਬੁਖਾਰ ਹੋ ਗਿਆ , ਇਸ ਦਾ ਤਾਪਮਾਨ 1.5 ਡਿਗਰੀ ਸੈਲਸੀਅਸ ਤੱਕ ਵਧ ਗਿਆ, ਤਾਪਮਾਨ ਵਧਣ ਨਾਲ ਧਰਤੀ ਉਪਰ

ਨਦੀਆਂ, ਨਾਲੇ ਤੇ ਝੀਲਾਂ ਵਿਚਲਾ ਪਾਣੀ ਸੁੱਕ ਗਿਆ। ਕਿਨੀਆਂ ਹੀ ਜੀਵ ਜੰਤੂ ਅਤੇ ਬਨਸਪਤੀ ਦੀਆਂ ਪ੍ਰਜਾਤੀਆਂ ਗਰਮੀ ਅਤੇ ਪਾਣੀ ਬਿਨਾਂ ਖਤਮ ਹੋ ਗਈਆਂ,ਉਤਰੀ ਤੇ ਦੱਖਣੀ ਧਰੁਵਾਂ ਤੋਂ ਬਰਫ ਪਿੱਘਲ ਪਿੱਘਲ ਕੇ ਧਰਤੀ ਹੇਠਾਂ ਨੂੰ ਜਾ ਰਹੀ ਹੈ। ਉਸ ਨੂੰ ਆਪਣਾ ਮੰਜਾ ਤੇ ਮੋਟਰ ਵਾਲਾ ਕੋਠਾ ਹੇਠਾਂ ਨੂੰ ਧਰਤੀ ਵਿੱਚ ਹੀ ਧਸਦਾ ਲੱਗਾ। ਉਸ ਨੂੰ ਲੱਗਾ ਜਿਵੇਂ ਚਲਦੀ ਹੋਈ ਮੋਟਰ ਧਰਤੀ ਵਿਚੋਂ ਪਾਣੀ ਕੱਢ ਕੇ ਉਸ ਨੂੰ ਖਾਲੀ ਕਰ ਰਹੀ ਹੈ। ਉਸ ਨੂੰ ਮੰਜਾ,ਕਮਰਾ ਅਤੇ ਧਰੁਵੀ ਬਰਫ ਸਭ ਹੇਠਾਂ ਨੂੰ ਧਸਦਾ ਜਾਪਿਆ। ਉਹ ਅਚਾਨਕ ਤ੍ਰਭਕ ਕੇ ਉਠਿਆ ਉਸ ਦਾ ਸਾਹ ਚੜਿਆ ਹੋਇਆ ਸੀ ਤੇ ਸਾਰਾ ਸਰੀਰ ਮੁੜਕੋ ਮੁੜਕੀ ਹੋਇਆ ਪਿਆ ਸੀ, ਉਸਦੀ ਧੜਕਣ ਵਧੀ ਹੋਈ ਸੀ। ਉਸ ਨੇ ਡੱਗੀ ਚੋਂ ਪਾਣੀ ਪੀਤਾ ਅੱਖਾਂ ਤੇ ਠੰਢੇ ਪਾਣੀ ਦੇ ਛਿੱਟੇ ਮਾਰੇ।ਥੋੜਾ ਅਰਾਮ ਕਰਨ ਤੇ ਉਸ ਨੇ ਸੁਪਨੇ ਬਾਰੇ ਗੌਰ ਨਾਲ ਸੋਚਿਆ ਕਿ ਜੇ ਅਸੀਂ ਇਸ ਤਰਾਂ ਹੀ ਧੂਆਂ ਕਰਦੇ ਰਹੇ ਅਤੇ ਧਰਤੀ ਵਿਚੋਂ ਪਾਣੀ ਕੱਢਦੇ ਰਹੇ ਤਾਂ ਇਕ ਦਿਨ ਇਨਾਂ ਕੁਦਰਤੀ ਨਿਆਮਤਾਂ ਤੋਂ ਹੱਥ ਧੋ ਬੈਠਾਂਗੇ। ਬਿਨਾਂ ਪਾਣੀ ਤੋਂ ਅਤੇ ਧੂੰਏਂ ਨਾਲ ਧਰਤੀ ਨੂੰ ਸੱਚ ਮੁੱਚ ਹੀ ਬੁਖਾਰ ਹੋ ਜਾਵੇਗਾ। ਤਾਪਮਾਨ ਵਧਣ ਨਾਲ ਧਰਤੀ ਤੇ ਜੀਵਨ ਲੀਲਾ ਖਤਮ ਹੋ

ਜਾਵੇਗੀ।ਉਹ ਕਾਹਲੀ ਨਾਲ ਉਠਿਆ ਤੇ ਮੋਟਰ ਬੰਦ ਕਰ ਕੇ ਘਰ ਨੂੰ ਚੱਲ ਪਿਆ। ਘਰ ਜਾ ਕੇ ਆਪਣਾ ਫੈਸਲਾ ਸੁਣਾ ਦਿੱਤਾ

ਕਿ ਅਸੀਂ ਝੋਨਾਂ ਨਹੀਂ ਲਾਵਾਂਗੇ। ਇਹ ਸੁਣ ਕੇ ਪੋਤੀ ਮੂੰਹ ਤੇ ਮੁਸਕੁਰਾਹਟ ਆ ਗਈ ਤੇ ਬੋਲੀ ,"ਦਾਦਾ ਜੀ ,ਮਤਲਵ ਇਸ ਬਾਰ ਅਸੀਂ ਪਰਾਲੀ ਨਹੀਂ ਸਾੜਾਂਗੇ ਅਤੇ ਧਰਤੀ ਵਿਚੋਂ ਐਨਾ ਪਾਣੀ ਵੀ ਨਹੀਂ ਕੱਢਾਂਗੇ"। "ਹਾਂ ਪੁੱਤਰ ਜੀ ,"ਉਸ ਨੇ ਆਪਣੀ ਪੋਤੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ।

ਝੱਖੜ/ਹਰਪ੍ਰੀਤ ਸਿੰਘ ਰਾਣਾ

ਤਰਕਾਲਾਂ ਵੇਲੇ ਚੁਬਾਰੇ ਉੱਤੇ ਦਾਰੂ ਪੀਂਦਿਆਂ ਜ਼ਿਮੀਦਾਰ ਧੰਨਾ ਸਿੰਘ ਨੇ ਦੂਰ ਤੱਕ ਆਪਣੇ ਖੇਤਾਂ ਵਿਚ ਲਹਿਰਾਉਂਦੀਆਂ ਸੋਨੇ ਵਰਗੀਆਂ ਕਣਕ ਦੀਆਂ ਬੱਲੀਆਂ ਵੇਖ,ਮੁੱਛਾਂ ਨੂੰ ਤਾਅ ਦਿੰਦਿਆ ਉੱਚੀ ਸਾਰੀ ਬੜਕ ਮਾਰੀ,"ਵਾਹ ਬਈ ਵਾਹ !ਐਤਕੀਂ ਤਾਂ ਆਪਣੀ ਫ਼ਸਲ ਬੜੀ ਲਾਜਵਾਬ ਹੋਈ ਹੈ,ਸ਼ਰੀਕਿਆਂ ਦੀਆਂ ਛਾਤੀਆਂ ਉੱਤੇ ਵੀ ਸੱਪ ਮੇਲਦਾ ਹੋਣਾ...।"

ਧੰਨਾ ਸਿੰਘ ਕੋਲ ਬੈਠੇ ਜੋਟੀਦਾਰਾਂ ਨੇ ਹਾਂ ਵਿਚ ਹਾਂ ਮਿਲਾਈ ਪਰ ਆਪਣੇ ਬਜ਼ੁਰਗ ਸੀਰੀ ਘੋਲੀ ਨੂੰ ਚੁੱਪ ਬੈਠਾ ਵੇਖ ਕੇ ਉਸ ਨੇ ਟਿੱਚਰ ਕੀਤੀ," ਕੀ ਗੱਲ ਘੋਲੀਆ,ਤੈਨੂੰ ਕੀ ਸੱਪ ਸੁੰਘ ਗਿਆ,ਕਿਤੇ ਸ਼ਰੀਕਿਆਂ ਨਾਲ ਤਾਂ ਨਹੀਂ ਮਿਲਿਆ ਹੋਇਆ...।"

"ਸਰਦਾਰ ਜੀ, ਕਿੰਨੀਆਂ ਹੀ ਪੀੜੀਆਂ ਤੋਂ ਤੁਹਾਡਾ ਨਮਕ ਖਾ ਰਹੇ ਹਾਂ, ਪਰ ਰੱਬ ਤੋਂ ਡਰ ਕੇ ਰਹੀਦਾ ਹੈ,ਵਿਸਾਖੀ ਤੱਕ ਮੌਸਮ ਠੀਕ ਰਹੇ...।" ਘੋਲੀ ਹਲੀਮੀ ਨਾਲ ਬੋਲਿਆ।

" ਹੂੰ,ਘੋਲੀ ਐਵੇਂ ਡਰੀ ਦਾ ਨਹੀਂ...।" ਅਸਮਾਨ ਵੱਲ ਤਾਰਿਆਂ ਦੀਆਂ ਖਿੱਤੀਆਂ ਨੂੰ ਨਹਾਰਦਿਆਂ ਦੇਖ ਕੇ ਧੰਨਾ ਸਿੰਘ ਨੂੰ ਸਰੂਰ ਜਿਹਾ ਆ ਗਿਆ। ਉਸ ਨੇ ਦਾਰੂ ਦਾ ਇੱਕ ਮੋਟਾ ਸਾਰਾ ਪੈਗ ਅੰਦਰ ਸੁੱਟਦਿਆਂ ਆਪਣੇ ਇੱਕ ਜੋਟੀਦਾਰ ਨੂੰ ਗੁੱਝੀ ਸੈਨਤ ਕੀਤੀ। ਰਾਤੀਂ ਇੱਕ ਮੁਟਿਆਰ, ਧੰਨਾ ਸਿੰਘ ਦੇ ਸੋਣ ਕਮਰੇ ਵਿਚ ਪੁੱਜ ਚੁੱਕੀ ਸੀ। ਉਹ ਮੁਟਿਆਰ ਦੀ ਖ਼ੂਬਸੂਰਤੀ ਨੂੰ ਨਿਹਾਰਦਿਆਂ ਬੋਲਿਆ, "ਆ ਮੇਰੀ ਜਾਨ,ਮੇਰੇ ਅੰਦਰਲੇ ਝੱਖੜ ਨੂੰ ਸ਼ਾਂਤ ਕਰ ਦੇ...।"

ਅਚਾਨਕ ਬਾਹਰ ਬਿਜਲੀ ਕੜਕੀ। ਝੱਖੜ ਅਤੇ ਮੀਂਹ ਸ਼ੁਰੂ ਹੋ ਚੁੱਕਾ ਸੀ।

"ਵਾਹ!ਅੱਜ ਰੱਬ ਵੀ ਮੇਰੇ ਉੱਤੇ ਮੇਹਰਬਾਨ ਹੈ,ਮੌਸਮ ਵੀ ਸੁਹਾਵਨਾ ਹੋ ਗਿਆ ਹੈ...।"

ਮੁਟਿਆਰ ਨੂੰ ਘੁੱਟ ਕੇ ਜੱਫੀ ਵਿਚ ਲੈਂਦਿਆ ਨਸ਼ੇ ਦੇ ਲੋਰ ਵਿਚ ਝੂੰਮਦਿਆਂ ਧੰਨਾ ਸਿੰਘ ਦੇ ਮੂੰਹੋਂ ਨਿਕਲਿਆ।

ਧੰਨਾ ਸਿੰਘ ਜਦੋਂ ਉੱਠਿਆ ਤਾਂ ਸਵੇਰ ਦੇ ਦੱਸ ਵੱਜ ਚੁੱਕੇ ਸਨ। ਮੁਟਿਆਰ ਜਾ ਚੁੱਕੀ ਸੀ ਤੇ ਮੌਸਮ ਵੀ ਸਾਫ਼ ਹੋ ਚੁੱਕਾ ਸੀ। ਉਸ ਬਾਹਰ ਚੁਬਾਰੇ ਦੇ ਵਿਹੜੇ ਵਿਚ ਆ ਕੇ ਆਪਣੀ ਫ਼ਸਲ ਵੱਲ ਇੱਕ ਝਾਤ ਮਾਰੀ। ਰਾਤੀਂ ਝੱਖੜ,ਗੜੇਮਾਰ ਅਤੇ ਮੀਂਹ ਕਾਰਨ ਸਾਰੀ ਫ਼ਸਲ ਧਰਤੀ ਉੱਤੇ ਵਿਛੀ ਹੋਈ ਸੀ।

"ਹਾਏ ਉਏ ਰੱਬਾ! ਇਹ ਕੀ ਅਨਹੋਣੀ ਵਾਪਰ ਗਈ...।"

ਧੰਨਾ ਸਿੰਘ ਝੱਖੜ-ਝੰਬਿਆ ਤੇ ਪੀਲਾ ਧੂਤ ਹੋਇਆ, ਟਿੱਕਟਿਕੀ ਲਾਈ ਆਪਣੀ ਫ਼ਸਲ ਦੀ ਤਬਾਹੀ ਨੂੰ ਤੱਕ ਰਿਹਾ ਸੀ।

ਵਾਪਸੀ / ਹਰਪ੍ਰੀਤ ਸਿੰਘ ਰਾਣਾ

ਮਾਸਟਰ ਜੀਤ ਸਿੰਘ ਗਿਆਨੀ ਦੀ ਡਿਊਟੀ ਨਵੀਆਂ ਵੋਟਾਂ ਬਣਾਉਣ ਲਈ ਬਤੌਰ ਬੀ.ਐਲ.ਓ. ਪਿੰਡ ਦੇ ਸਕੂਲ ਜਿਸ ਵਿਚ ਉਹ ਨੌਕਰੀ ਕਰਦਾ ਸੀ,ਉਸੇ ਪਿੰਡ ਵਿਚ ਲੱਗੀ ਹੋਈ ਸੀ। ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਘਰ-ਘਰ ਵੋਟਾਂ ਤਸਦੀਕ ਕਰਨ ਦੀ ਮੁਹਿੰਮ ਦੇ ਮੱਦੇਨਜ਼ਰ ਉਹ ਜਦੋਂ ਪਿੰਡ ਦੇ ਬਾਹਰਵਰ ਡੇਰੇ ਵਿਚ ਰਹਿੰਦੇ ਕਿਰਸਾਨ ਸੁੱਚਾ ਸਿੰਘ ਦੇ ਘਰ ਪੁੱਜਾ। ਵਿਹੜੇ ਵਿਚ ਸਾਰਾ ਪਰਿਵਾਰ ਮੰਜੇ 'ਤੇ ਗ਼ਮਗੀਨ ਹੋਇਆਂ ਸੋਚਾਂ ਵਿਚ ਬੈਠਾ ਸੀ। ਜੀਤ ਸਿੰਘ ਨੂੰ ਦੇਖ ਕੇ ਸਾਰਾ ਪਰਿਵਾਰ ਸਤਿਕਾਰ ਵੱਜੋਂ ਉੱਠ ਖੜਾ ਹੋਇਆ ਤੇ ਉਸ ਨੂੰ ਕੁਰਸੀ ਉੱਤੇ ਬਿਠਾਇਆ। ਸੁੱਚਾ ਸਿੰਘ ਦੀ ਘਰਵਾਲੀ ਬਚਨੋਂ ਪਾਣੀ ਲੈ ਆਈ। ਜੀਤ ਸਿੰਘ ਨੇ ਘਰ ਦੀ ਉੱਖੜੀ-ਉੱਖੜੀ ਸਥਿਤੀ ਭਾਪਦਿਆਂ ਜੱਕੋ-ਤੱਕੀ ਵਿਚ ਪੁੱਛਿਆ,“ ਕੀ ਗੱਲ ਸੁੱਚਾ ਸਿੰਘ ਸੁੱਖ ਤਾਂ ਹੈ...?”

ਬਚਨੋਂ ਡੁਸਕਣ ਲੱਗ ਪਈ।

“ ਕੀ ਦੱਸਾਂ ਮਾਸਟਰ ਜੀ,ਤੁਸੀਂ ਜਾਣਦੇ ਹੋ ਜੀ,ਏਸ ਜੋਗਿੰਦਰ ਨੇ ਪਿਛਲੇ ਸਾਲ ਤੁਹਾਡੇ ਸਕੂਲ 'ਚੋਂ ਬਾਰਵੀਂ ਕੀਤੀ ਸੀ,ਉਦੋਂ ਤੋਂ ਹੀ ਇਸ ਨੇ ਵਿਦੇਸ਼ ਭੇਜਣ ਦੀ ਰੱਟ ਲਾਈ ਹੋਈ ਸੀ,ਅਸੀਂ ਏਸ ਦੀ

ਜਿੱਦ ਅੱਗੇ ਝੁੱਕਦਿਆਂ ਵਿਦੇਸ਼ ਭੇਜਣ ਲਈ ਰਾਜ਼ੀ ਹੋ ਗਏ, ਪ..ਪਰ..?" ਸੁੱਚਾ ਸਿੰਘ ਇੱਕੋ-ਸਾਹੀ ਬੋਲਦਾ ਕੁੱਝ ਰੁੱਕ ਗਿਆ।

" ਪਰ ?" ਜੀਤ ਸਿੰਘ ਸੁਆਲੀਆਂ ਨਜ਼ਰਾਂ ਨਾਲ ਸਾਰੇ ਪਰਿਵਾਰ ਵੱਲ ਤੱਕਦਿਆਂ ਬੋਲਿਆ।

" ਪਰ ਮਾਸਟਰ ਜੀ,ਸਾਡੇ ਤਿੰਨ ਲੱਖ ਰੁਪਏ ਐਡਵਾਂਸ ਏਜੰਟ ਕੋਲ ਵੜ ਗਏ,ਆਪਣੀ ਜ਼ਮੀਨ ਗਹਿਣੇ ਰੱਖਕੇ ਬਾਰਾਂ ਲੱਖ ਦਾ ਇੰਤਜ਼ਾਮ ਕੀਤਾ ਸੀ, ਏਜੰਟ ਨੇ ਇੰਨਾਂ ਨੂੰ ਭੇਜਣ ਤੋਂ ਪਹਿਲਾਂ ਇੱਕ ਹੋਰ ਗਰੁੱਪ ਦੋ ਨੰਬਰ ਵਿਚ ਵਿਦੇਸ਼ ਭੇਜਿਆ ਸੀ ਪਰ ਉਹ ਰਾਹ ਵਿਚ ਕਿਸ਼ਤੀ ਹਾਦਸੇ ਵਿਚ ਮਾਰੇ ਗਏ,ਤੁਸੀਂ ਅਖ਼ਬਾਰ ਵਿਚ ਪੜਿਆ ਹੀ ਹੋਣਾ,ਹੁਣ ਏਜੰਟ ਫ਼ਰਾਰ ਹੈ...।"

ਸੁੱਚਾ ਸਿੰਘ ਨੇ ਸਾਰੀ ਸੱਚਾਈ ਦੱਸ ਦਿੱਤੀ। ਜੀਤ ਸਿੰਘ ਸਾਰੇ ਪਰਿਵਾਰ ਵੱਲ ਤੱਕਦਿਆਂ ਬੋਲਿਆ,

" ਸੁੱਚਾ ਸਿੰਘ, ਇਸ ਵਿਚ ਤੂੰ ਰੱਬ ਦਾ ਸ਼ਕਰਾਨਾ ਕਰ,ਤਿੰਨ ਲੱਖ ਵਿਚ ਹੀ ਬਚਾ ਹੋ ਗਿਆ,ਜੇ ਕੱਲ ਸਾਰੇ ਪੈਸੇ ਦੇ ਕੇ ਵੀ ਮੁੰਡੇ ਨਾਲ ਕੋਈ ਅਨਹੋਣੀ ਵਾਪਰ ਜਾਂਦੀ ਤਾਂ..?"

ਜੀਤ ਸਿੰਘ ਦੀ ਗੱਲ ਸੁਣ ਕੇ ਸਾਰੇ ਪਰਿਵਾਰ ਦੇ ਚਿਹਰੇ ਉੱਤੇ ਕੁੱਝ ਰੌਣਕ ਆ ਗਈ। ਜੀਤ ਸਿੰਘ, ਜੋਗਿੰਦਰ ਨੂੰ ਸੰਬੋਧਨ ਹੁੰਦਿਆ ਬੋਲਿਆ," ਜੋਗਿੰਦਰ ਪੁੱਤਰਾ,ਉੱਥੇ ਤੂੰ ਦੋ ਨੰਬਰ ਵਿਚ ਜਾ ਕੇ ਵੀ ਇੰਨੇ ਪੈਸੇ ਲਾ ਕੇ ਘੱਟ ਤਨਖਾਹ ਉੱਤੇ ਮਿਹਨਤ ਮੰਜੂਰੀ ਕਰਨੀਂ

ਸੀ, ਤੇ ਕੱਲ ਦਾ ਕੀ ਪਤਾ ਜੇ ਫੜ ਕੇ ਪੱਕਾ ਹੋਣ ਤੋਂ ਪਹਿਲਾਂ ਹੀ ਵਾਪਸ ਘੱਲ ਦਿੰਦੇ, ਇੱਥੇ ਤੇਰੀ ਚੰਗੀ ਖਾਸੀ ਜ਼ਮੀਨ ਹੈ,ਉਹ ਸੰਭਾਲ...।"

ਜੀਤ ਸਿੰਘ ਕਾਫੀ ਚਿਰ ਆਪਣੀ ਨੇਕ ਸਲਾਹ ਦੇ ਕੇ ਉੱਠ ਖੜਾ ਹੋਇਆ। ਉਸ ਦੇ ਜਾਣ ਤੋਂ ਬਾਅਦ ਜੋਗਿੰਦਰ ਖੇਤੀ ਦੇ ਸੰਦ ਲੈ ਕੇ ਬਾਹਰ ਜਾਣ ਲੱਗਾ।

" ਪੁੱਤ, ਕਿੱਥੇ ਚਲਿਆਂ ?" ਸੁੱਚਾ ਸਿੰਘ ਨੇ ਪੁੱਛਿਆ।

" ਬਾਪੂ, ਖੇਤ ਚਲਿਆ, ਹੁਣ ਮੈਂ ਇੱਥੇ ਹੀ ਆਪਣੀ ਜ਼ਮੀਨ ਸਾਂਭੂੰ...।"

ਜੋਗਿੰਦਰ ਦੇ ਬੋਲਾਂ ਵਿਚ ਦ੍ਰਿੜ ਨਿਸ਼ਚਾ ਸੀ। ਸੁੱਚਾ ਸਿੰਘ ਤੇ ਬਚਨੋਂ ਦੇ ਚਿਹਰੇ ਉੱਤੇ ਰੌਣਕ ਪਰਤ ਆਈ ਸੀ।

ਬਾਪੂ ਦੀ ਰੂਹ/ਅਸ਼ਵਨੀ ਕੁਮਾਰ ਪੰਡੋਰੀ

ਉਮਰ ਤਾ ਕੋਈ ਜਿਆਦਾ ਨਹੀ ਸੀ, ਪਰ ਮੋਢਿਆ 'ਤੇ ਬਾਪੂ ਦੀ ਆਤਮ ਹੱਤਿਆ ਦੇ ਬੋਝ ਨੇ ਸੋਚਣ ਲਾ ਦਿੱਤਾ ਸੀ।ਪਤਾ ਹੁੰਦਾ,' ਕਿ ਬਾਪੂ ਏਨਾ ਪਰੇਸ਼ਾਨ ਸੀ,ਮੋਢੇ ਨਾਲ ਮੋਢਾ ਜੋੜ ਲੈਦਾਂ,ਇੱਕ ਤੇ ਇੱਕ ਗਿਆਰਾਂ ਹੋ ਜਾਦੇਂ ।ਬਚੀ ਹੋਈ ਮਿੱਟੀ ਤੇ ਹੋਰ ਮਿਹਨਤ ਕਰਕੇ ਕਰਜ਼ੇ ਦੀ ਪੰਡ ਹੌਲੀ ਹੌਲੀ ਕੇਰ ਲੈਦੇਂ" ।ਸੋਚਾ ਵਿਚ ਪਤਾ ਹੀ ਨਹੀ ਲੱਗਾ ਕਦੋ ਖੇਤਾਂ ਵਿਚ ਕੱਲੀ-ਕਹਿਰੀ ਬਚੀ ਨਿੰਮ ਦੇ ਹੇਠਾਂ ਆ ਖਲੋਤਾ ?ਜਿਥੇ ਬਾਪੂ ਝੂਲ ਕੇ ਮਿੱਟੀ ਦੀ ਢੇਰੀ ਬਣ ਗਿਆ ਸੀ ।ਮੇਰੀ

ਅੱਖਾ ਸਾਹਵੇਂ ਹੂ-ਬੂ ਹੂ ਉਹੀ ਦ੍ਰਿਸ਼ ਆ ਗਿਆ ਜਦੋ ਬਾਪੂ ਨੂੰ ਦਾਤਰੀ ਨਾਲ ਰੱਸੀ ਵੱਢ ਕੇ ਹੇਠਾਂ ਲਾਇਆ ਸੀ।ਮੇਰੀ ਅੱਖਾ ਅੱਗੇ ਨੇਰਨੀ ਛਾ ਗਈ,ਇਵੇ ਲੱਗਾ ਜਿਵੇ ਕਿਸੇ ਨੇ ਬਹੁਤ ਜੋਰ ਦਾ ਥੱਪੜ ਮਾਰਿਆ ਹੋਵੇ।ਮੈ ਬੇਹੋਸ਼ ਹੋ ਕੇ ਜਮੀਨ ਤੇ ਡਿੱਗ ਪਿਆ।ਮੇਰੀ ਰੂਹ ਨਿੰਮ ਤੇ ਬੈਠੇ ਬਾਪੂ ਦੀ ਰੂਹ ਕੋਲ ਜਾ ਬੈਠੀ।

ਹੈ!" ਬਾਪੂ ਕੀ ਇਹ ਸੱਚ ਹੈ ਤੂੰ ਸਾਬਤ ਸਬੂਤ ਮੇਰੇ ਕੋਲ ਬੈਠਾ ਏ"?

ਬਾਪੂ ਨੇ ਮੈਨੂੰ ਘੁੱਟ ਕੇ ਜੱਫੀ ਚ ਲੈ ਲਿਆ,ਨਹੀ," ਪੁੱਤਰਾ ਮੈ ਤਾ ਹਵਾ ਬਣ ਗਿਆ ਹਾਂ ਤੂੰ ਵੀ ਹਵਾ ਬਣ ਕੇ ਹੀ ਮੇਰੇ ਕੋਲ ਬੈਠਾ ਏ"।

ਪਰ ਮੈਨੂੰ ਯਕੀਨ ਨਹੀ ਆਇਆ ਕਿਉਕਿ ਮੈਂ ਹੁਣੇ ਹੁਣੇ ਤਾ ਤੁਰਿਆ ਆ ਰਿਹਾ ਸਾਂ, ਪਰ ਮੈਨੂੰ ਨਹੀ ਪਤਾ ਮੈਂ ਕਦੋ ਡਿੱਗ ਪਿਆ ਸੀ।

"ਮੈ ਸਰੀਰਕ ਤੌਰ ਤਾ ਤੁਹਾਡੇ ਕੋਲੋ ਵਿਛੜ ਚੁੱਕਾ ਹਾਂ ਪਰ ਮੇਰੀ ਰੂਹ ਦੀ ਗਤੀ ਕਦੋ ਹੋਵੇਗੀ ? ਇਸ ਦਾ ਅਜੇ ਪਤਾ ਨਹੀ,ਜਦੋ ਤੱਕ ਕੁਦਰਤੀ ਮੋਤ ਦਾ ਸਮਾਂ ਨਹੀ ਆਉਦਾ,ਉਦੋ ਤੱਕ ਲੱਗਦਾ ਭਟਕਣਾ ਹੀ ਪੈਣਾ ਏ ।ਮੈ ਰੋਜ ਘਰ ਜਾਦਾਂ ਹਾਂ ,ਤੁਹਾਨੂੰ ਸਾਰਿਆ ਨੂੰ ਵਿਲਕਦੇ ਦੇਖ ਚੁੱਪ ਕਰਵਾਉਣ ਦੀ ਕੋਸਿਸ਼ ਕਰਦਾ ਹਾਂ ,ਬਾਪੂ ਨੂੰ ਹੌਸਲਾ ਦਿੰਦਾ ਹਾਂ,ਤੇਰੀ ਮਾਂ ਨੂੰ ਵਰਾਉਦਾਂ ਹਾਂ,ਛੋਟੀ ਨੂੰ ਜੱਫੀ

ਪਾਉਦਾਂ ਹਾਂ,ਪਰ ਕੋਈ ਮੈਨੂੰ ਮਹਿਸੂਸ ਹੀ ਨਹੀ ਕਰਦਾ,ਕੋਈ ਦੇਖਦਾ ਹੀ ਨਹੀ ,ਨਾ ਹੀ ਕੋਈ ਸੁਣਦਾ ਮੈ ਹਾਰ ਕੇ ਵਾਪਿਸ ਖੇਤਾਂ ਵਾਲੇ ਰਾਹ ਤੇ ਕੋਲੋ ਲੰਘਦੇ ਲੋਕਾ ਨੂੰ 'ਵਾਜਾਂ ਮਾਰਦਾਂ ਹਾਂ,ਖੇਤਾਂ ਵਿਚ ਆ ਕੇ ਬੰਨਿਆਂ ਤੇ ਘੁੰਮਦਾ ਹਾਂ,ਬੰਬੀ ਵਾਲੇ ਕੋਠੇ ਦੇ ਅੰਦਰ ਜਾਦਾਂ ਹਾਂ,ਹਰ ਸੈਅ ਨੂੰ ਕਲਾਵੇ ਵਿਚ ਲੈਣ ਦੀ ਕੋਸਿਸ਼ ਕਰਦਾ ਹਾਂ ਪਰ ਮੇਰੇ ਹੱਥ 'ਚ ਕੁਝ ਨਹੀ ਆਉਦਾਂ" ।ਮੈ ਬਹੁਤ ਪਛਤਾਉਦਾਂ ਹਾਂ, ਮੈ ਕੀ ਕਰਾਂ ?

"ਖੁੱਦਕਸ਼ੀ ਬੜਾ ਵੱਡਾ ਪਾਪ ਹੈ,ਜਬਰਦਸਤੀ ਰੂਹ ਨੂੰ ਸਰੀਰ ਚੋ ਕਢਣਾ ਬੁਜਦਿਲੀ ਹੈ,ਮੈ ਬੜੀ ਕੋਸਿਸ਼ ਕੀਤੀ ਕਿ ਰੱਸੀ ਟੁੱਟ ਜਾਏ ਜਾਂ ਖੁੱਲ ਜਾਏ,ਪਰ ਹੋ ਨਾ ਸਕਿਆ। ਜਦੋ ਤੱਕ ਮੈਨੂੰ ਮੇਰੀ ਮੋਤ ਦਾ ਅਹਿਸਾਸ ਹੋਇਆਂ ਉਦੋ ਤੱਕ ਬਹੁਤ ਦੇਰ ਹੋ ਚੁੱਕੀ ਸੀ ਮੈਂ ਆਪਣੀ ਦੇਹ ਚ ਵੜਣ ਅਤੇ ਲੱਭਣ ਦੀ ਬੜੀ ਕੋਸਿਸ਼ ਕੀਤੀ,ਪਰ ਉਹ ਤਾ ਸਵਾਹ ਦੀ ਢੇਰੀ ਬਣ ਚੁੱਕੀ ਸੀ" ।

"ਮੈਨੂੰ ਇਹ ਕਦਮ ਨਹੀ ਸੀ ਪੁੱਟਣਾ ਚਾਹਿਦਾ ।ਸੰਸਾਰਿਕ ਬੋਝ ਤੇਰੀਆ ਨਿੱਕੀਆ-ਨਿੱਕੀਆ ਬਾਹਾਂ ਤੇ ਸੁੱਟ ਕੇ ਮੈ ਸਰੀਰਕ ਤੌਰ ਤੇ ਮੁਕਤ ਤਾ ਹੋ ਗਿਆ ਹਾਂ ਪਰ ਰੂਹ ਦਾ ਬੋਝ ਮੈਨੂੰ ਰੋਜ ਭਟਕਾਉਦਾਂ ਹੈ ।ਸਿਆਣੇ ਕਹਿੰਦੇ ਨੇ ਹਰ ਮੁਸੀਬਤ ਦਾ ਕੋਈ ਨਾ ਕੋਈ ਹੱਲ ਜਰੂਰ ਹੁੰਦਾ ਹੈ ।ਆਪਣਿਆਂ ਨੂੰ ਅੱਧਵਾਟੇ ਛੱਡ ਜਾਣਾ ਲਾਹਣਤ ਹੈ ।ਥੋੜੀ ਖਾ ਲੈਦੇਂ,ਖਰਚ ਜਮਾਂ ਹੀ ਘਟਾ ਦਿੰਦੇ,ਚਾਦਰ ਦੇਖ ਕੇ ਪੈਰ

ਪਸਾਰ ਲੈਦੇ,ਆਪਣੇ ਜੀਆਂ ਨਾਲ ਬੈਠ ਕੇ ਬੈਂਕ ਅਤੇ ਆੜਤੀਆਂ ਦਾ ਮਸਲਾ ਸੁਲਝਾਅ ਲੈਦੇਂ,ਸਾਦੇ ਪ੍ਰੋਗ੍ਰਾਮ ਕਰ ਲੈਦੇਂ,ਐਵੇ ਈ ਸਮਾਜ ਦੇ ਤਾਣੇ-ਬਾਣੇ ਚ ਆਪਣੇ ਆਪ ਨੂੰ ਉਲਝਾ ਲਿਆ।ਪੁੱਤਰਾ ਮੈਂ ਤੁਹਾਡੇ ਸਾਰਿਆ ਦਾ ਗੁਨਾਹਗਾਰ ਹਾਂ,ਮੈਨੂੰ ਮਾਫ ਕਰ ਦਿਓ"

"ਨਹੀ ਨਹੀ ਬਾਪੂ,ਤੂੰ ਚਿੰਤਾ ਨਾ ਕਰ,ਆਪਾਂ ਦੋਹਾਂ ਨੇ ਮਿਹਨਤ ਕਰਕੇ ਇਸ ਦਲ-ਦਲ ਚੋ ਬਾਹਰ ਨਿਕਲ ਜਾਣਾ ਐ"।ਅਜੇ ਮੈਂ ਇਹ ਗੱਲ ਕਰ ਹੀ ਰਿਹਾ ਸੀ।ਕਿ ਮੈ ਥੱਲੇ ਦੇਖਿਆਂ ਕਿ ਸਰੀਕੇ ਚੋ ਲਗਦਾ ਚਾਚਾ ਮੇਰੀ ਛਾਤੀ ਨੂੰ ਜੋਰ-ਜੋਰ ਨਾਲ ਦਬਾ ਰਿਹਾ ਸੀ।

ਪੁੱਤਰਾ ਛੇਤੀ ਕਰ,ਜਾ ਆਪਣੀ ਦੇਹ ਚ ਵੜ ਜਾ,ਨਹੀ ਤਾ ਬਹੁਤ ਦੇਰ ਹੋ ਜਾਣੀ ਫਿਰ ਮੇਰੀ ਰੂਹ ਵਾਂਗ ਭਟਕੇਗਾਂ।ਆਪਣੇ ਆਪ ਨੂੰ ਹੱਥ ਲਾ ਕੇ ਮਹਿਸੂਸ ਹੋਇਆ ਕਿ ਮੈਂ ਤਾਂ ਰੂਹ ਹਾਂ ਜੋ ਹੁਣ ਤੱਕ ਬਾਪੂ ਦੀ ਰੂਹ ਨਾਲ ਵਾਰਤਾ ਕਰ ਰਹੀ ਸੀ। ਜਦੋ ਮੈ ਬੇਹੋਸ਼ੀ ਵਿਚੋ ਬਾਹਰ ਆਇਆ ਤੇ ਮਹਿਸੂਸ ਕੀਤਾ ਕਿ ਬਾਪੂ ਨੂੰ ਆਪਣੇ ਬੱਚੇ ਦੀ ਅਜੇ ਵੀ ਕਿੰਨੀ ਚਿੰਤਾ ਹੈ,ਉਹ ਪਤਾ ਨਹੀ ਕਿਹੜੀ ਮਜਬੂਰੀ ਸੀ ਜਿਸ ਨੇ ਬਾਪੂ ਨੂੰ ਇਸ ਹਾਲਾਤ ਲਈ ਮਜਬੂਰ ਕੀਤਾ ਹੋਣਾ ਬਾਪੂ ਦੀ ਹੌਂਦ ਅਜੇ ਵੀ ਮੇਰੇ ਆਲੇ ਦੁਆਲੇ ਮਹਿਸੂਸ ਹੋ ਰਹੀ ਸੀ ।

ਹੱਡੀਆਂ ਦਾ ਸੇਕ/ਅਸ਼ਵਨੀ ਕੁਮਾਰ ਪੰਡੋਰੀ

ਜੇ ਕਰ ਗੁਆਂਢੀ ਪਿੰਡ ਦੇ ਬੰਦੇ ਆਵਾਰਾ ਪਸ਼ੂਆਂ ਨੂੰ ਭਜਾਉਦੇਂ ਹੋਏ ਕਮਾਦ ਵਿਚ ਨਾ ਵੜਦੇ ਤਾ ਬਖਤੌਰੇ ਦੀ ਲਾਸ਼ ਦਾ ਪਤਾ ਵੀ

ਨਹੀ ਸੀ ਚਲਣਾ।ਟਾਹਲੀ ਨਾਲ ਲਟਕਦਾ ਹੀ ਪਿੰਜ਼ਰ ਬਣ ਜਾਣਾ ਸੀ।ਖੁੱਦਕਸ਼ੀ ਕੀਤਿਆ ਦੋ ਦਿਨਾਂ ਤੋ ਉੱਪਰ ਹੋ ਗਏ ਸਨ ।ਪੁਲਿਸ ਕੋਲ ਗੁਆਚਣ ਦੀ ਰਿਪੋਰਟ ਲਿਖਵਾਈ ਹੋਣ ਕਾਰਣ ਲਾਸ਼ ਪੋਸਟ ਮਾਰਟਮ ਤੋ ਬਾਅਦ ਕਾਫੀ ਲੇਟ ਮਿਲੀ ਜਿਸ ਕਾਰਣ ਸਸਕਾਰ ਵੀ ਲੇਟ ਹੋ ਗਿਆ।

ਸਿਵਾ ਪੂਰੀ ਤਰਾਂ ਨਾਲ ਮੱਘ ਰਿਹਾ ਸੀ,ਦਸੰਬਰ ਮਹੀਨੇ ਦੀ ਪੈ ਰਹੀ ਠੰਢ ਨੇ ਮੇਰੇ ਸਮੇਤ ਸਿਵੇ ਦੀ ਰਾਖੀ ਲਈ ਆਏ ਦੋ ਹੋਰ ਬੰਦਿਆਂ ਨੂੰ ਸਿਵਾ ਸੇਕਣ ਲਈ ਮਜਬੂਰ ਕਰ ਦਿੱਤਾ ।ਮੇਰੇ ਲਈ ਬੜੀ ਵੱਡੀ ਤਰਾਸਦੀ ਸੀ ਕਿ ਮੈ ਆਪਣੇ ਜਿਗਰੀ ਦੋਸਤ ਦੀ ਹੱਡੀਆਂ ਦੇ ਸੇਕ ਨਾਲ ਠੰਢ ਤੋ ਬਚਾਅ ਕਰ ਰਿਹਾ ਸੀ।

ਬੜਾ ਹਿੰਮਤੀ ਅਤੇ ਦਲੇਰ ਬੰਦਾ ਸੀ,ਥੋੜੀ ਕਿਤੇ ਡੋਲਣ ਵਾਲਾ ਜਮਾਂ ਹੀ ਨਹੀ ਸੀ।ਏਨੀ ਜਲਦੀ ਹਿੰਮਤ ਛੱਡ ਗਿਆ,ਇਹ ਗੱਲ ਹਜ਼ਮ ਨਹੀ ਸੀ ਹੋ ਰਹੀ।ਮੈਨੂੰ ਹੁਣ ਵੀ ਯਾਦ ਹੈ ਜਦੋ ਉਸਨੇ ਸੇਮੇ ਸ਼ਾਹ ਨੂੰ ਨਹਿਰ 'ਚੋ ਛਾਲ ਮਾਰ ਕੇ ਬਾਹਰ ਕੱਢ ਲਿਆਦਾਂ ਸੀ।ਵਾਲ-ਵਾਲ ਕਰਜਾਈ ਹੋਣ ਕਾਰਣ ਉਸਨੇ ਬੈਂਕ ਅਤੇ ਲੋਕਾਂ ਦੀਆਂ ਦੇਣਦਾਰੀਆਂ ਤੋ ਭੱਜ ਕੇ ਆਪਣੀ ਜੀਵਨ ਲੀਲਾ ਤੋ ਛੁਟਕਾਰਾ ਪਾਉਣ ਲਈ ਨਹਿਰ ਚ ਛਾਲ ਮਾਰ ਦਿੱਤੀ ਸੀ।ਉਸ ਦੇ ਸਮਝਾਉਣ ਤੇ ਸੇਮੇ ਨੇ ਫਿਰ ਤੋ ਫੇਰੀ ਲਾਉਣ ਤੋ ਆਪਣ ਕੰਮ ਦੀ ਸੁਰੂਆਤ ਕੀਤੀ ਸੀ,ਸੁਰੂ ਕਰਨ ਲਈ ਵੀ ਮਦੱਦ ਵੀ ਆਪ ਹੀ ਕੀਤੀ ਅੱਜ

ਉਹੀ ਸੇਮਾ ਲੱਖਾ ਚ ਖੇਲ ਰਿਹਾ ਹੈ,ਤੇ ਬਖਤੌਰ ਸਿੰਘ ਜਿੰਦਗੀ ਤੋ ਭੱਜ ਗਿਆ।

ਮੇਰੇ ਨਾਲ ਅਕਸਰ ਦਿੱਲ ਫੋਲ ਲੈਦਾਂ ਸੀ।ਪਰ ਇਸ ਵਾਰ ਤਾ ਉਸਨੇ ਪਤਾ ਹੀ ਨੀ ਲੱਗਣ ਦਿੱਤਾ,ਉਹ ਕਿਹੜੀ ਘੁੰਢੀ ਸੀ ਜਿਸ ਨੇ ਉਸਨੂੰ ਇਸ ਰਾਹ ਵੱਲ ਤੋਰ ਲਿਆ।ਮੈਨੂੰ ਪਤਾ ਹੀ ਨੀ ਲੱਗਾ ਕਿ ਕਦੋਂ ਮੈ ਮੱਠੇ ਹੋ ਰਹੇ ਉਸਦੇ ਸਿਵੇ ਨੂੰ ਫਰੋਲਣ ਲੱਗ ਪਿਆ ਸੀ।

"ਭਾਜੀ ਕੀ ਕਰ ਰਹੇ ਹੋ" ?ਬਖਤੌਰੇ ਦੇ ਗੁਆਂਢੀ ਕੈਲੇ ਨੇ ਮੇਰੀ ਬਿਰਤੀ ਤੋੜਦੇ ਹੋਏ ਮੈਨੂੰ ਹਲੂਣਿਆ।

ਭਾਜੀ ਮੈਨੂੰ ਪਤਾ ਤੁਸੀ ਕੀ ਸੋਚ ਰਹੇ ਹੋ ?ਸਾਇਦ ਉਸਨੇ ਤੁਹਾਡੇ ਨਾਲ ਗੱਲ ਨਹੀ ਕੀਤੀ,ਪਿੱਛਲੇ ਚਾਰ ਪੰਜ ਦਿਨਾਂ ਤੋ ਸਿੰਦਾਂ ਆੜਤੀਆ ਰੋਜ਼ਾਨਾ ਇਨਾਂ ਦੇ ਘਰ ਆ ਕੇ ਦੋ ਦੋ ਘੰਟੇ ਬੈਠ ਕੇ ਕੋਈ ਰਜਿਸਟਰੀਆ ਦਾ ਹਿਸਾਬ-ਕਿਤਾਬ ਕਰਦਾ ਹੁੰਦਾ ਸੀ।ਕਈ ਵਾਰ ਉਨਾਂ ਦੀ ਅਵਾਜ ਸਾਡੇ ਘਰ ਸਾਫ ਸੁਣਾਈ ਦਿੱਦੀ ਸੀ।ਇਹ ਤਾ ਤੁਹਾਨੂੰ ਪਤਾ ਹੀ ਹੈ ਕਿ ਵਡਾ ਮੁੰਡਾ ਅਮਰੀਕਾ ਤੋ ਡਿਪੋਟ ਹੋ ਚੁੱਕਾ ਹੈ,ਪਹਿਲਾ ਉਸਨੂੰ ਬਾਹਰ ਭੇਜਣ ਦਾ ਖਰਚਾ ਤੇ ਫਿਰ ਵਾਪਸੀ ਦਾ।ਛੋਟਾ ਹੱਥੀ ਕੰਮ ਤਾ ਦੂਰ, ਉਲਟ ਬੁਲਟ ਲਏ ਬਗੈਰ ਕਾਲਿਜ ਨਹੀ ਸੀ ਗਿਆ ਕਹਿੰਦਾਂ ਸੀ ਤੁਸੀ ਵੱਡੇ ਤੇ ਲੱਖਾ ਖਰਚ ਦਿੱਤੇ,ਮੇਰੇ ਲਈ ਇਹ ਵੀ ਨਹੀ।ਕੁੜੀ ਦਾ ਵਿਆਹ ਵੀ ਨੇੜੇ ਹੀ ਸੀ।ਕਮਾਦ ਦੇ ਪੈਸੇ ਪਿੱਛਲੇ ਤਿੰਨ ਸਾਲਾਂ ਤੋਂ ਖੜੇ ਨੇ,ਜਿਸ ਦੀ ਅਜੇ ਕੋਈ

ਉਮੀਦ ਨਹੀ,ਬੇਮੌਸਮੀ ਬਰਸਾਤ ਨੇ ਰਹਿੰਦੀ -ਖੁੰਹਦੀ ਕਸਰ ਵੀ ਪੂਰੀ ਕਰ ਦਿੱਤੀ।ਖਾਦਾਂ,ਦਵਾਈਆਂ,ਸਪਰੇਆ ਆਦਿ ਨੇ ਪਹਿਲਾ ਹੀ ਲੱਕ ਤੋੜ ਦਿੱਤਾ।ਆੜਤੀਆ ਤੋ ਸਿਵਾਏ ਹੋਰ ਕੋਈ ਹੱਥ ਵੀ ਨਹੀ ਫੜਦਾ।ਮੈਨੂੰ ਲੱਗਦਾ ਉਸਨੇ ਸਾਰੀ ਭੋਂਇ ਦੀ ਰਜਿਸਟਰੀ ਕਰ ਦਿੱਤੀ ਸੀ। ਜਦੋ ਮਾਂ ਹੀ ਨਹੀ ਰਹੀ ਕਿਹਦੇ ਸਹਾਰੇ ਦਿਨ ਨਿਕਲ ਸਕਦੇ ਨੇ ।

ਮੇਰਾ ਉੱਪਰਲਾ ਸਾਹ ਉੱਪਰ,ਥੱਲੜਾ ਸਾਹ ਥੱਲੇ ਹੀ ਅਟਕ ਗਿਆ।ਕਿਉਕਿ ਮੈ ਵੀ ਤਾ ਉਸ ਰਾਹ ਹੀ ਤੁਰ ਰਿਹਾ ਹਾਂ,ਬੱਚੇ ਹੱਥੀ ਕੰਮ ਕਰਕੇ ਰਾਜੀ ਨਹੀ,ਘਰ-ਬਾਰ ਸਭ ਬੈਕਾਂ ਅਤੇ ਆੜਤੀਆ ਦੇ ਰਹਮੋ- ਕਰਮ ਤੇ ਹੈ।ਰੱਬ ਬਣ ਕੇ ਬਹੁੜਣ ਦੀ ਆਸ ਕਿਤਿਓ ਨਹੀ,ਇਹ ਸੋਚ ਕੇ ਹੁਣ ਮੈਨੂੰ ਠੰਢ ਵਿਚ ਵੀ ਪਸੀਨਾ ਆ ਗਿਆ।ਮੈਨੂੰ ਵੀ ਮੇਰੀ ਹੱਡੀਆਂ ਚੋ ਨਿੱਕਲਦਾ ਸੇਕ, ਬਖਤੌਰੇ ਦੇ ਸਿਵੇ ਦੇ ਨਾਲ ਹੀ ਮੱਚਣ ਲਈ ਧੂ ਰਿਹਾ ਸੀ।

ਸੰਧਾਰੇ ਵਾਲਾ ਪੀਪਾ/ਡਾ.ਬਲਦੇਵ ਸਿੰਘ ਖਹਿਰਾ

ਐਤਕੀਂ ਤੀਆਂ ਦਾ ਸੰਧਾਰਾ ਲੈ ਕੇ ਆਏ ਸੁੱਚਾ ਸਿਹੁੰ ਨੂੰ ਜੀਜਾ ਸਰਵਣ ਕੁਝ ਢਿੱਲਾ ਜਿਹਾ ਜਾਪਿਆ।ਉਹ ਬੱਸ ਮਾੜਾ ਜਿਹਾ ਹੱਥ ਮਿਲਾਉਣ ਤੇ ਹਾਲ-ਚਾਲ ਪੁੱਛਣ ਪਿਛੋਂ ਖੇਸ ਤਾਣ ਕੇ ਮੰਜੇ ਉੱਤੇ ਪੈ ਗਿਆ ਸੀ।

" ਭੈਣੇ ! ਆਹ ਜੀਜੇ ਨੂੰ ਕੀ ਅਹੁਰ ਐ ? ਦਿਨੇ ਈ ਖੇਸੀ ? "

“ ਕੀ ਦੱਸਾਂ ਵੀਰੇ ?ਕਰਜ਼ੇ ਦੀ ਟੈਂਸ਼ਨ ਲਈ ਬੈਠਾ,ਹੁਣ ਡਾਕਟਰ ਬਲੱਡ ਪਰੈਸ਼ਰ ਤੇ ਸ਼ੂਗਰ ਹੋਗੀ ਦੱਸਦੇ ਆ..”

“ ਲੈ,ਪਿਛਲੇ ਸਾਲ ਤਾਂ ਚੰਗਾ ਭਲਾ ਸੀ,ਅਚਾਨਕ..?”

“ ਦੱਸਿਆ ਨਾ ਕਰਜ਼ਾ,ਤੈਨੂੰ ਪਤਾ ਈ ਐ ਬਈ ਪੁਰਾਣਾ ਟਰੈਕਟਰ ਵੇਚ ਕੇ ਨਵਾਂ ਲੈ ਲਿਆ,ਇਕ ਦੋ ਹੋਰ ਸੰਦ ਲੈ ਲਏ,ਚਾਰ ਕੁ ਲੱਖ ਬੈਂਕ ਤੋਂ ਫੜੇ ਸੀ,ਹੌਲ਼ੀ ਹੌਲ਼ੀ ਕਿਸ਼ਤਾਂ ਲਾਹੀ ਜਾਂਦੇ ਸੀ..”

“ ਨਾ ਫਿਰ, ਉਤਰ ਈ ਜਾਣਾ ਸੀ ਕਰਜ਼ਾ..”

“ ਵੇ ਵੀਰਾ! ਡੁੱਬੀ ਤਾਂ ਜੇ ਸਾਹ ਨਾ ਆਇਆ,ਆਹ ਵੋਟਾਂ ਤੋਂ ਪਹਿਲਾਂ ਆਪਣਾ ਪੁਰਾਣਾ ਐਮ.ਐਲ.ਏ. ਪ੍ਰੇਮ ਸਿਹੁੰ ਆ ਗਿਆ, ਅਖੇ, ਹੰਭਲਾ ਮਾਰੋ,ਕਰਜ਼ੇ ਕੁਰਜ਼ੇ ਸਭ ਮਾਫ ਕਰਾ ਦੂੰ ”

“ ਉਹ ਜਿੱਤ ਤਾਂ ਗਿਆ ਸੀ,ਫਿਰ ਕਰਾਇਆ ਨਹੀਂ ਕਰਜ਼ਾ ਮਾਫ ?”

“ ਕਿਥੇ ? ਕਰਜ਼ੇ ਮਾਫੀ ਦੀਆਂ ਅਰਜ਼ੀਆਂ ਸਰਪੰਚ ਨੇ ਭੇਜਣੀਆਂ ਸੀ,ਐਨ ਮੌਕੇ ’ਤੇ ਸਾਡੀ ਅਰਜ਼ੀ ਕੱਢ ਕੇ ਕਿਸੇ ਲਿਹਾਜ਼ੀ ਦੀ ਪਾ’ਤੀ,ਇਹ ਬਥੇਰਾ ਲੜਿਆ,ਰੌਲਾ ਪਾਇਆ,ਪਰ ਕੱਖ ਨੀ ਬਣਿਆ..”

“ ਓ ਹੋ! ਭੈਣੇਂ ਆਹ ਤਾਂ ਮਾੜੀ ਕੀਤੀ ਸਰਪੰਚ ਨੇ,ਚਲ ਤੁਸੀਂ ਤਾਂ ਕਿਸ਼ਤਾਂ ਮੋੜੀ ਹੀ ਜਾਂਦੇ ਸੀ,ਹੁਣ ਕਿੰਨਾ ਕੁ ਬਚਿਆ ?”

“ ਵੀਰ ਪੁੱਛ ਨਾ,ਪ੍ਰੇਮ ਸਿਹੁੰ ਦੇ ਕਹਿਣ ’ਤੇ ਕਿਸ਼ਤਾਂ ਦੇਣੋਂ

ਹਟ'ਗੇ ਤੇ ਹੁਣ ਤਾਂ ਪੰਜ ਤੋਂ ਵੀ ਵੱਧ ਹੋ'ਗੇ,ਪ੍ਰੇਮ ਸਿਹੁੰ ਦੇ ਵੀ ਬਥੇਰੇ ਗੇੜੇ ਮਾਰੇ,ਕਹਿੰਦਾ,ਥੋੜਾ ਟੈਮ ਦਿਓ "

"ਹੂੰ..ਅ"

" ਓਧਰੋਂ ਫ਼ਸਲ ਬਾੜੀ ਦਾ ਵੀ ਨੁਕਸਾਨ ਹੋਈ ਜਾਂਦੈ, ਘਰ ਦੇ ਖਰਚਿਆਂ 'ਚੋਂ ਬਚਦਾ ਈ ਕੁਸ਼ ਨੀ ਤੇ ਉਤੋਂ ਆਹ ਜਹਿਮਤ ਗਲ ਪੈ'ਗੀ " ਕਹਿ ਕੇ ਚੌਂਕੇ ਵੱਲ ਜਾਂਦੀ ਦੇ ਉਹਦੇ ਹੱਥੋਂ ਸੰਧਾਰੇ ਵਾਲਾ ਪੀਪਾ ਛੁੱਟ ਗਿਆ ਤੇ ਬਿਸਕੁਟ ਪਰਨਾਲੇ ਕੋਲੇ ਗਿੱਲੀ ਜ਼ਮੀਨ 'ਤੇ ਖਿੱਲਰ ਗਏ।

ਅੰਤਹੀਨ ਯੁੱਧ/ਡਾ.ਬਲਦੇਵ ਸਿੰਘ ਖਹਿਰਾ

ਗੁਰਦੇਵ ਸਿੰਘ ਦੇ ਫਾਹਾ ਲੈ ਕੇ ਮਰਨ ਪਿਛੋਂ ਅੰਤਿਮ ਅਰਦਾਸ ਤੱਕ ਘਰੇ ਆਉਂਦੀਆ ਮਕਾਣਾਂ,ਹੋਰ ਆਵਾਜਾਈ ਤੇ ਦੁੱਖ ਦੇ ਮਾਹੌਲ ਨੇ ਗੇਜੋ ਦੀ ਸੁਰਤ ਮਾਰੀ ਰੱਖੀ।ਅੱਜ ਬੌਂਦਲੀ ਜਿਹੀ ਦੋਵਾਂ ਬੱਚਿਆਂ ਨਾਲ ਬੈਠੀ ਭਵਿੱਖ ਬਾਰੇ ਸੋਚ ਰਹੀ ਸੀ, " ਇਸ ਤਰਾਂ ਬੈਠ ਕੇ ਕਿਵੇਂ ਗੁਜ਼ਾਰਾ ਹੋਊ ? ਅੱਜ ਤਾਂ ਲੰਬੜਾਂ ਘਰੋਂ ਵੀ ਸੁਨੇਹਾ ਆ ਗਿਆ ਬਈ ਕੰਮ 'ਤੇ ਆ ਜਾ."

ਆਂਢਣਾਂ-ਗਵਾਂਢਣਾਂ ਨੇ ਸਲਾਹ ਦਿੱਤੀ, " ਤੂੰ ਸਰਕਾਰ ਨੂੰ ਮੱਦਤ ਵਾਸਤੇ ਅਰਜ਼ੀ ਦੇ ਦੇ,ਏਡਾ ਵੱਡਾ ਕਹਿਰ ਹੋ ਗਿਆ,ਜ਼ਰੂਰ ਕੁਸ਼ ਦਊ ਸਰਕਾਰ.."

ਉਹ ਅਰਜ਼ੀ ’ਤੇ ਸਰਪੰਚ ਦੀ ਮੋਹਰ ਲੁਆ ਕੇ ਐਸ.ਡੀ.ਐਮ. ਸਾਹਿਬ ਦੇ ਪੇਸ਼ ਹੋ ਗਈ।ਐਸ.ਡੀ.ਐਮ ਕਾਗਜ਼ ਫਰੋਲਦੇ ਮੁਸਕੜੀ ਹੱਸਦੇ ਬੋਲੇ, “ ਆਹ ਦਸ ਲੱਖ ਕਾਹਦੇ’ਤੇ ਖਰਚ’ਤੇ ? ”

“ ਸਾਹਬ!ਮਾਤਾ ਦੀ ਬੀਮਾਰੀ ਨੇ ਸਾਨੂੰ ਡੋਬ’ਤਾ,ਕੈਂਸਰ ਸੀ ਬਚਾਰੀ ਨੂੰ ”

“ ਉਹ ਹੋ,ਬੜਾ ਦੁੱਖ ਹੋਇਆ ਸੁਣ ਕੇ ” ਤੇ ਉਹਨਾਂ ਨੇ ਅਰਜ਼ੀ ਪਟਵਾਰੀ ਕੋਲ ਪੜਤਾਲ ਤੇ ਸਿਫਾਰਿਸ਼ ਲਈ ਭੇਜ ਦਿੱਤੀ।

ਗੇਜੋ ਨੂੰ ਯਾਦ ਆਇਆ ਕਿ ਜਦੋਂ ਗੁਰਦੇਵ ਆਪਣੀ ਜ਼ਮੀਨ ਬੈਅ ਕਰਨ ਲਈ ਪਟਵਾਰੀ ਤੋਂ ਲੋੜੀ ਦੇ ਕਾਗਤ ਲੈਣ ਗਿਆ ਸੀ ਤਾਂ ਉਹਨੇ ਵੀਹ ਹਜ਼ਾਰ ਮੰਗੇ ਸੀ।ਕਿੰਨੇ ਗੇੜੇ ਮਾਰਨ ਤੇ ਮਿੰਨਤਾਂ-ਤਰਲੇ ਕਰਨ ’ਤੇ ਵੀ ਟੱਸ ਤੋਂ ਮੱਸ ਨਹੀਂ ਹੋਇਆ ਸੀ,ਅਖੇ ਅਸੀਂ ਉਪਰ ਵੀ ਦੇਣੇ ਹੁੰਦੇ ਐ।

ਉਹ ਆਪਣੇ ਆਪ ਨੂੰ ਬੋਲੀ, “ ਹੁਣ ਫੇਰ ਉਸੇ ਜ਼ਾਲਿਮ ਕੋਲ ?ਏਦੂੰ ਤਾਂ ਚੰਗਾ ਮੈਂ ਵੀ ਗੁਰਦੇਵ ਕੋਲੇ ਈ ਚਲੀ ਜਾਵਾਂਪਰ ਜੁਆਕ ? ”

ਬੱਚਿਆਂ ਦਾ ਖਿਆਲ ਆਉਂਦਿਆਂ ਹੀ ਉਹਨੇ ਇਕ ਹੋਰ ਲੜਾਈ ਵਿੱਢਣ ਦਾ ਫ਼ੈਸਲਾ ਕੀਤਾ ਤੇ ਤੇਜ਼ ਪਰ ਮਜ਼ਬੂਤ ਕਦਮਾਂ ਨਾਲ ਪਿੰਡ ਦੇ ਰਾਹ ਪੈ ਗਈ।

ਮਾਂ/ ਭੁਪਿੰਦਰ ਕੌਰ ਸਢੌਰਾ

“ਵਧਾਈਆਂ ਜੀ ਵਧਾਈਆਂ “ ਪਿੰਡ ਦੀਆਂ ਸੂਝਵਾਨ ਜਨਾਨੀਆਂ ਤੇ ਮਰਦ ਮਨਦੀਪ ਦੇ ਘਰ ਆ ਕੇ ਇਕ ਸੁਰ ਅਵਾਜ਼ ਕਰਦੇ ਹੋਏ ਕਹਿਣ ਲੱਗੇ। ਮਨਦੀਪ ਦੀ ਮਾਤਾ ਜੀ ਨੇ ਕਿਹਾ “ ਤੁਹਾਡੀਆਂ ਵਧਾਈਆਂ ਕਬੂਲ ਹਨ। ਤੁਸੀਂ ਸਾਰੇ ਅੰਦਰ ਕਮਰੇ ਵਿੱਚ ਬੈਠ ਜਾਓ। ਮਨਦੀਪ ਅੰਦਰ ਹੀ ਹੈ। ਉਹ ਤੁਹਾਨੂੰ ਮਿਲ ਕੇ ਖੁਸ਼ ਹੋ ਜਾਵੇਗੀ। “

ਮਨਦੀਪ ਨੇ ਸਾਰਿਆ ਨੂੰ ਸਤਿਸ਼ੀਆਕਾਲ ਬੁਲਾਈ

“ਬੇਟੀ, ਤੇਰੀ ਅਖਬਾਰ ਵਿੱਚ ਫੋਟੋ ਦੇਖੀ ਤੈਨੂੰ ਵਧੀਆ ਕਿਸਾਨ ਹੋਣ ਦਾ ਸਨਮਾਨ ਮਿਲਿਆ। ਹਰਭਜਨ ਕੌਰ ਨੇ ਕਿਹਾ। ਬੇਟੀ ਬਹੁਤ ਖੁਸ਼ੀ ਹੋਈ ,ਅਪਣੇ ਸਨਮਾਨ ਬਾਰੇ ਕੁਝ ਸਾਨੂੰ ਵੀ ਦੱਸ। “

“ਜਦੋਂ ਮੈਂ ਗਿਆਰਵੀਂ ਵਿਚੋਂ ਜ਼ਿਲੇ ਵਿੱਚੋਂ ਫਸਟ ਆਈ ਤਾਂ ਪਿਤਾ ਜੀ ਦਾ ਸੁਪਨਾ ਮੈਨੂੰ ਕਨੇਡਾ ਭੇਜਣ ਦਾ ਸੀ ਉਨਾਂ ਨੇ ਮੈਨੂੰ ਆਈਲਸ ਕਰਵਾ ਦਿੱਤਾ। ਉਹ ਮੈਨੂੰ ਵਿਦੇਸ਼ ਭੇਜਣ ਲਈ ਪਾਸਪੋਰਟ ਦਾ ਇੰਤਜ਼ਾਮ ਕਰਨ ਲੱਗੇ। ਉਹ ਬਹੁਤ ਖੁਸ਼ ਸਨ। ਅਚਾਨਕ ਉਨਾਂ ਨੂੰ ਸਾਈਲੈਂਟ ਅਟੈਕ ਪੈ ਗਿਆ। ਮਾਂ ਉਦਾਸ ਰਹਿਣ ਲੱਗੀ। ਮੈਨੂੰ ਲੱਗਾ ਪਿਤਾ ਜੀ ਤੋਂ ਬਿਨਾ ਘਰ ਸੁੰਨਸਾਨ ਹੋ ਗਿਆ।

ਮੈਂ ਇਕ ਦਿਨ ਖੇਤਾਂ ਵਿੱਚ ਗਈ ਮੈਨੂੰ ਲੱਗਾ ਮੈਂ ਖੇਤਾਂ ਦਾ

ਸਾਰਾ ਕੰਮ ਕਰ ਸਕਦੀ ਹਾਂ। ਆਪਣੇ ਕਿਸਾਨ ਮਾਮਾ ਜੀ ਦੀ ਸਲਾਹ ਨਾਲ ਮੈਂ ਖੇਤਾਂ ਵਿੱਚ ਕੰਮ ਸ਼ੁਰੂ ਕਰ ਦਿੱਤਾ। ਮੈਂ ਛੋਟੀ ਸੀ ਪਿਤਾ ਜੀ ਮੈਨੂੰ ਖੇਤਾਂ ਵਿੱਚ ਨਾਲ ਲੈਂ ਜਾਦੇ ਸੀ। ਪਿਤਾਜੀ ਨੇ ਟਰੈਕਟਰ ਚਲਾਨਾ ਤਾਂ ਸਿਖਾ ਹੀ ਦਿੱਤਾ ਸੀ। ਮੈਂ ਖੇਤਾਂ ਵਿੱਚ ਉਨਾਂ ਦੀ ਮਦਦ ਕਰਾਂਦੀ ਸੀ।

"ਵਾਹ! ਵਾਹ! ਧੀਏ ਤੇਰੀ ਮਿਹਨਤ ਰੰਗ ਲਿਆਈ ਹੈ ।ਤੂੰ ਬੜੀ ਮਿਹਨਤੀ ਹੈ। "

"ਸੁਨੀਤਾ ਆਂਟੀ ,ਤੁਹਾਡੀ ਸਾਰਿਆ ਦੀ ਮਦੱਦ ਨਾਲ ਹੀ ਸੰਭਵ ਹੋਇਆ। ਮੈਂ ਜੋ ਸਬਜ਼ੀ, ਫਲ ਜਾਂ ਮਸਾਲੇ ਬੀਜਦੀ ਉਹ ਤੁਸੀਂ ਖਰੀਦ ਲੈਦੇ ਸੀ। ਇਸ ਵਾਰ ਕਣਕ ਸਾਰੇ ਪਿੰਡ ਵਾਸੀਆ ਨੇ ਖਰੀਦੀ।"

" ਤੇਰੇ ਫਲ ਤੇ ਸਬਜ਼ੀਆਂ ਸਵਾਦ ਹੀ ਬਹੁਤ ਹੁੰਦੇ ਹਨ, ਬਿਨਾ ਸਪਰੇਅ ਤੇ ਜੈਵਿਕ ਖਾਦ ਦੇ। ਤੂੰ ਸਾਨੂੰ ਸਾਡੀ ਜਵਾਨੀ ਯਾਦ ਕਰਵਾ ਦਿੱਤੀ ।ਉਸ ਸਮੇਂ ਵੀ ਅਜਿਹੇ ਫਲ, ਸਬਜ਼ੀਆਂ ਦਾ ਸਵਾਦ ਹੁੰਦਾ ਸੀ। ਪਰ ਮੈਂ ਇਕ ਸਵਾਲ ਪੁੱਛਣਾ ਸੀ। ਫੇਰ ਤੂੰ ਵਿਦੇਸ਼ ਕਿਉਂ ਨਹੀਂ ਗਈ ?

ਆਪਣੇ ਮਾਤਾ ਜੀ ਕਰਕੇ ਤੇ ਧਰਤੀ ਮਾਂ ਲਈ ਉਸਨੇ ਘੁਟ ਕੇ ਆਪਣੀ ਮਾਂ ਨੂੰ ਜੱਭੀ ਪਾ ਲਈ।

ਬੇਟੀ ਤੂੰ ਤਾਂ ਸਾਡੇ ਪਿੰਡ ਦੀ ਸ਼ਾਨ ਤੇ ਮਾਨ ਹੈ।

ਮੰਗਲਾਚਰਨ/ਭੁਪਿੰਦਰ ਸਿੰਘ ਮਾਨ

ਗੁਰਨਾਮ ਕਈ ਸਾਲਾਂ ਤੋਂ ਬਾਅਦ ਖੇਤ ਗਿਆ ਸੀ ਕਿਉਂਕਿ ਮੁੰਡਿਆਂ ਨੇ ਕਈ ਸਾਲ ਪਹਿਲਾਂ ਉਸ ਨੂੰ ਖੇਤੀ ਤੋਂ ਵਿਹਲਾ ਕਰ ਦਿੱਤਾ ਸੀ ।ਬੀਜ ਬਿਜਾਈ ਵੇਚਣਾ ਵਟਣਾ ਸਭ ਉਨਾਂ ਦੇ ਹੱਥ ਵਿਚ ਸੀ।ਗੁਰਨਾਮ ਤਾ ਸਵੇਰੇ ਗੁਰਦੁਆਰੇ ,ਦੁਪਿਹਰੇ ਤਾਸ ਅਤੇ ਸ਼ਾਮ ਨੂੰ ਪੋਤੇ ਪੋਤੀਆਂ ਨਾਲ ਰੁਝਿਆ ਰਹਿੰਦਾ ਸੀ।

ਇਸ ਵਾਰੀ ਛੋਟਾ ਮੁੰਡਾ ਥੋੜਾ ਜ਼ਿਆਦਾ ਬਿਮਾਰ ਹੋ ਗਿਆ ਸੀ ।ਕਣਕ ਦੀ ਬਿਜਾਈ ਵੀ ਜ਼ਰੂਰੀ ਸੀ। ਉਸ ਲਈ ਮਜਦੂਰ ਲੈ ਕੇ ਜਾਣਾ ਮਹਿੰਗਾ ਪੈਂਦਾ ਸੀ ਕਿਉਂਕਿ ਘਰ ਦੀ ਆਰਥਿਕਤਾ ਪਿਛਲੇ ਸਮੇਂ ਵਿੱਚ ਡਾਵਾਂਡੋਲ ਹੋ ਗਈ ਸੀ। ਖੇਤੀ ਵਿੱਚੋਂ ਹੁਣ ਕੁਝ ਬਚਦਾ ਹੀ ਨਹੀਂ ਸੀ ।ਮੁੰਡੇ ਨੇ ਕਿਹਾ," ਭਾਪਾ ਅੱਜ ਤੂੰ ਮੇਰੇ ਨਾਲ ਚੱਲੀਂ ਬਿਜਾਈ ਕਰਾਂਗੇ,ਤੂੰ ਮਸੀਨ ਦੇ ਪਿੱਛੇ ਦੇਖਦਾ ਰਹੀ ਅਜਿਹਾ ਨਾ ਹੋਵੇ ਕੋਈ ਪੋਰ ਬੰਦ ਹੋ ਜਾਵੇ । ਦੋਵੇਂ ਖ਼ੇਤ ਜਾ ਪੁੱਜੇ ਸਨ ਮੁੰਡੇ ਨੇ ਬੀਜ ਵਾਲੇ ਗੱਟੇ ਵਿੱਚੋਂ ਕਣਕ ਮਸ਼ੀਨ ਵਿੱਚ ਪਾ ਲਈ ਤੇ ਟਰੈਕਟਰ ਤੇ ਜਾ ਬੈਠਾ ।ਗੁਰਨਾਮ ਨੇ ਆਪਣੇ ਜੋੜੇ ਉਤਾਰੇ ਪਰਨਾ ਠੀਕ ਕੀਤਾ ਤੇ ਬਾਪੂ ਤੋ ਸਿੱਖਿਆ ਬਿਜਾਈ ਦਾ ਮੰਗਲਾਚਰਨ ਹੱਥ ਜੋੜ ਕੇ ਬੋਲਿਆ ,"ਹਾਲੀ ਪਾਲੀ ਦੇ ਭਾਗੀ,ਰਾਹੀਂ ਪਾਂਧੀ ਦੇ ਭਾਗੀ,ਗਰੀਬ ਗੁਰਬੇ ਦੇ ਭਾਗੀ,ਚਿੜੀ ਜਨੌਰ ਦੇ ਭਾਗੀ..,"

ਹਾਲੇ ਉਸ ਦੇ ਮੂੰਹ ਵਿੱਚ ਹੀ ਬੋਲ ਸਨ ਕਿ ਮੁੰਡਾ ਉੱਤੋਂ

ਬੈਠਿਆ ਖਿਝਿਆ ਤੇ ਬੋਲਿਆ ,"ਉਹ ਛੱਡ ਭਾਪਾ ਰਹਿਣ ਦੇ ਨਾ ਹੁਣ ਕੋਈ ਹਾਲੀ ਪਾਲੀ ਹੈ ਨਾ ਇੱਥੇ ਕੋਈ ਜਾਨਵਰ ਜਨੌਰ ਬਚਿਆ ,ਜੇ ਤੂੰ ਅਰਦਾਸ ਹੀ ਕਰਨੀ ਹੈ ਤਾਂ ਇਹ ਕਰ ਕਿ ਪ੍ਰਮਾਤਮਾ ਸਾਡੇ ਖਾਣ ਜੋਗੀ ਜ਼ਰੂਰ ਬਚ ਜਾਵੇ ,ਕਿਉਂਕਿ ਆਪਣੇ ਸਿਰ ਕਰਜਾ ਹੀ ਏਨਾ ਹੈ ਮੈਨੂੰ ਤਾਂ ਲੱਗਦੈ ਆਪਾਂ ਇਹੀ ਫਸਲ ਆੜਤੀਏ ਲਈ ਹੀ ਬੀਜ ਰਹੇ ਹੋਈਏ," ਉਸ ਦੇ ਅਰਦਾਸ ਲਈ ਜੁੜੇ ਹੱਥ ਆਪਣੇ ਆਪ ਹੇਠਾਂ ਡਿੱਗ ਪਏ।

ਜਕੜ/ਭੁਪਿੰਦਰ ਸਿੰਘ ਮਾਨ

ਕੈਨੇਡਾ ਤੋਂ ਆਏ ਹਰਦੀਪ ਲਈ ਇਹ ਦੂਜਾ ਦਿਨ ਸੀ ।ਬਹੁਤ ਸਵੇਰੇ ਹੀ ਉਹ ਤੇ ਉਸ ਦੇ ਚਾਚੇ ਦਾ ਪੁੱਤਰ ਰਾਜਵਿੰਦਰ ਖੇਤਾਂ ਵੱਲ ਨੂੰ ਚਲੇ ਗਏ। ਦੋਵੇਂ ਗੱਲਾਂ ਮਾਰਦੇ ਖੇਤ ਦਾ ਚੱਕਰ ਲੱਗੇ ਦੇਖ ਕੇ ਆਏ ਦੇਖਿਆ ਕਾਫੀ ਕੁਝ ਬਦਲ ਚੁੱਕਾ ਸੀ। ਵੱਡੇ ਵੱਡੇ ਖੇਤ ਛੋਟੇ ਛੋਟੇ ਰਹਿ ਗਏ ਸਨ ।ਰਾਜਵਿੰਦਰ ਨੇ ਦੱਸਿਆ ਕਿ ਭਰਾਵਾਂ ਦੀ ਵੰਡ ਵੰਡਾਈ ਨੇ ਇਨਾਂ ਨੂੰ ਸੰਗੜਾ ਦਿੱਤਾ ਹੈ । ਦੋਵੇਂ ਵਾਪਸ ਆਉਂਦੇ ਪੁਰਾਣੇ ਖੂਹ ਕੋਲੇ ਖੜ ਕੇ ਗੱਲਾਂ ਕਰਨ ਲੱਗੇ ਕਿ ਦੇਖ ਲਵੋ ਆਪਣੇ ਬਚਪਨ ਸਮੇ ਕਿੰਨੀ ਰੌਣਕ ਹੁੰਦੀ ਸੀ। ਉਸੇ ਸਮੇਂ ਹਰਦੀਪ ਨੇ ਦੇਖਿਆ ਕਿ ਵੱਡੇ ਸਾਰੇ ਡੀਲ ਡੌਲ ਵਾਲਾ ਇੱਕ ਬਜ਼ੁਰਗ ਸਾਹੋ ਸਾਹ ਹੋਇਆ ਚੱਕਵੇਂ ਪੈਰੀਂ ਉਨਾਂ ਕੋਲ ਦੀ ਲੰਘ ਕੇ ਖੇਤ ਦੇ ਪਰਲੇ ਪਾਸੇ ਇੱਕ ਕੋਠੇ ਵਿੱਚ ਜਾ ਵੜਿਆ ।

ਹਰਦੀਪ ਨੇ ਪੁੱਛਿਆ ,"ਵੀਰ ਇਹ ਦੇਬਾ ਭਲਵਾਨ ਨਹੀਂ ਸੀ ?"

ਰਾਜਵਿੰਦਰ ਨੇ ਜਵਾਬ ਵਿੱਚ ਹਾ ਕਹਿੰਦੇ ਸਿਰ ਹਿਲਾ ਦਿੱਤਾ ।ਹਰਦੀਪ ਨੇ ਯਾਦ ਕੀਤਾ ਉਸ ਦੇ ਬਾਹਰ ਜਾਣ ਵੇਲੇ ਤਾਂ ਦੇਬੇ ਦੀ ਬੜੀ ਚੜਾਈ ਸੀ। ਉਸ ਨੇ ਪਟੜੀ ਫੇਰ ਦੇ ਵਿੱਚ ਕਿਸੇ ਕਬੱਡੀ ਖਿਡਾਰੀ ਨੂੰ ਸਿਰ ਨਹੀਂ ਚੁੱਕਣ ਦਿੱਤਾ ਸੀ। ਉਹ ਸੂਬੇ ਦਾ ਤਕੜਾ ਖਿਡਾਰੀ ਮੰਨਿਆ ਜਾਂਦਾ ਸੀ। ਉਹਦੀ ਰੇਡ ਦੀ ਧੁੰਮ ਦੂਰ ਦੂਰ ਤੱਕ ਸੀ ।ਜਦੋਂ ਉਹ ਰੇਡ ਪਾਉਣ ਜਾਂਦਾ ਤਾ ਜਾਫੀ ਦੀ ਹਿੱਕ ਵਿੱਚ ਦੋਵੇਂ ਹੱਥ ਜੋੜ ਕੇ ਮਾਰਦਾ ਤੇ ਨੱਚਦਾ ਹੋਇਆ ਵਾਪਸ ਆ ਜਾਂਦਾ ।ਕੋਈ ਵੀ ਜਾਫੀ ਉਸ ਨੂੰ ਜਲਦੀ ਕੀਤੇ ਡੱਕ ਨਹੀਂ ਸਕਿਆ ਸੀ ।ਜਦੋਂ ਉਹ ਕਿਸੇ ਦਾ ਗੁੱਟ ਫੜ ਲੈਂਦਾ ਸੀ ਤਾਂ ਬੜੀ ਮੁਸ਼ਕਿਲ ਨਾਲ ਹੀ ਉਸ ਤੋਂ ਛੁਡਾਇਆ ਜਾ ਸਕਦਾ ਸੀ ।

ਉਹ ਫਿਰ ਆਪਣੀਆਂ ਗੱਲਾਂ ਵਿੱਚ ਮਗਨ ਹੋ ਗਏ ਇੰਨੇ ਵਿੱਚ ਇੱਕ ਛੋਟਾ ਨਿਆਣਾ ਕੋਲ ਦੀ ਲੰਘਿਆ ਤੇ ਉਸੇ ਮੋਟਰ ਵਾਲੇ ਕੋਠੇ ਵਿੱਚ ਜਾ ਪੁਜਾ ਜਿਥੇ ਥੋੜੇ ਸਮੇਂ ਪਹਿਲਾਂ ਦੇਵਾ ਗਿਆ ਸੀ।ਹੁਣ ਉਹ ਤੇ ਬੱਚਾ ਵਾਪਸ ਆ ਰਹੇ ਸਨ। ਰਾਜਵਿੰਦਰ ਨੇ ਦੱਸਿਆ ਕਿ ਇਹ ਦੇਵੇ ਦਾ ਪੋਤਾ ਹੈ। ਜਦੋਂ ਉਹ ਨੇੜੇ ਆਏ ਤਾਂ ਹਰਦੀਪ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਹਾਲ ਚਾਲ ਪੁੱਛਿਆ ।

ਪਹਿਲਾ ਤਾ ਦੇਵੇ ਨੇ ਉਸ ਨੂੰ ਪਛਾਣਿਆ ਨਾ ਰਾਜਵਿੰਦਰ ਦੇ ਦੱਸਣ ਤੇ ਮੋਢੇ ਨੂੰ ਪਲੋਸਦੇ ਸਿੱਧੇ ਸਾਧੇ ਸੁਭਾਅ ਦੇ ਦੇਵੇ ਨੇ ਫੜਾ ਸੋਟਾ ਮਾਰਿਆ,"ਸਾਡਾ ਕਾਹਦਾ ਹਾਲ ਚਾਲ ਹੈ ਪੁੱਤਰਾ ,ਚੰਗਾ ਹੋਇਆ ਪੁੱਤ ਤੂੰ ਕੈਨੇਡਾ ਵੱਗ ਗਿਆ ,ਚੱਲੋ ਮੌਜ਼ ਕਰਦਾ ਹੈ, ਇੱਥੇ ਤਾ ਬੁਰੇ ਹਾਲ ਹੋਏ ਪਏ ਹਨ।"ਉਸਦੇ ਬੋਲਾ ਵਿਚ ਡਾਹਢਾ ਦੁੱਖ ਲੁੱਕਿਆ ਹੋਇਆ ਸੀ।

"ਕਿਵੇਂ ਅੱਜ ਸੰਦੇਹਾ ਹੀ ਹੀ ਖੇਤ ਆਇਆ ਫਿਰਦਾ

ਤਾਇਆ ?“ ਰਾਜਵਿੰਦਰ ਨੇ ਵੈਸੇ ਹੀ ਪੁੱਛ ਲਿਆ।

ਦੇਵੇ ਨੇ ਨਿਮੋਝੂਣੇ ਹੁੰਦੇ ਨੇ ਸਿਰ ਹਿਲਾਇਆ ਤੇ ਬੋਲਿਆ,“ਓਏ ਕਾਹਦਾ ਸੰਦੇਹਾ ,ਜੀਪ ਜਿਹੀ ਆਈ ਸੀ ਗਲੀ ਵਿੱਚ,ਮੈਂ ਸਮਝਿਆ ਪੁਲਸਿ ਤੇਬੈਂਕ ਵਾਲੇ ਆਏ ਹਨ ।ਤੈਨੂੰ ਪਤਾ ਈ ਏ ਪਿਛਲੇ ਸਮੇਂ ਚ ਫਸਲਾਂ ਦਾ ਬੁਰਾ ਹਾਲ ਹੋ ਗਿਆ, ਬਾਕੀ ਭਾਈ ਸਾਰਾ ਟੱਬਰ ਫੈਲ ਸ੍ਹੂਫ਼ੀਆਂ ਵਿੱਚ ਪੈ ਕੇਗਿਆ ।ਸਹੁਰਿਆਂ ਨੇ ਸਾਰੀ ਜ਼ਮੀਨ ਤੇ ਕਰਜ਼ਾ ਲੈ ਲਿਆ, ਹੁਣ ਕਿਸ਼ਤ ਭਰੀ ਨਹੀਂ ਜਾਂਦੀ ,ਪਿਛਲੇ ਸਾਲ ਵੀ ਕਿਸ਼ਤ ਟੁੱਟ ਗਈ ਸੀ ਤੇ ਮੈਨੂੰ ਸਵਾ ਮਹੀਨਾ ਜੇਲ ਵਿੱਚ ਲਾ ਕੇ ਆਉਣਾ ਪਿਆ ਸੀ ,ਹਾਲ ਐਤਕੀ ਵੀ ਓਹੀ ਹੈ ਇਸੇ ਲਈ ਮੈਂ ਤਾਂ ਸਮਝਿਆ ਕਿ ਅੱਜ ਵੀ ਸਾਜਰੇ ਬੈਂਕ ਵਾਲੇ ਆ ਪਏ, ਇਸੇ ਲਈ ਆ ਕੇ ਇਧਰ ਉਧਰ ਹੋ ਗਿਆ ਸੀ ਪਰ ਮੁੰਡੇ ਨੇ ਦੱਸਿਆ ਕਿ ਵੀ ਉਹ ਤਾ ਗੁਆਂਢੀਆ ਦੇ ਰਿਸ਼ਤੇਦਾਰ ਹਨ। ਇਸੇ ਲਈ ਵਾਪਸ ਚੱਲਿਆ।“ਇੰਨਾ ਕਹਿੰਦੇ ਉਹਦਾ ਗੱਚ ਭਰ ਆਇਆ ਸੀ।

ਦਾਦਾ ਪੋਤਾ ਘਰ ਨੂੰ ਤੁਰ ਗਏ ।ਮੈਂ ਨੀਝ ਲਾ ਕੇ ਤੱਕਿਆ ਤਾਂ ਦੇਖਿਆ ਤਾ ਮੈਨੂੰ ਲੱਗਿਆ ਕਿ ਮੋਢੇ ਝੁਕਾਈ ਜਾਂਦਾ ਦੇਵਾ ਜਿਸ ਨੂੰ ਕੋਈ ਜਾਫੀ ਕਦੇ ਫੜ ਨਹੀਂ ਸਕਿਆ ਸੀ, ਉਸ ਨੂੰ ਮਾੜੇ ਸਿਸਟਮ ਤੇ ਡੁੱਬਦੀ ਖੇਤੀ ਨੇ ਅਜਗਰ ਵਾਂਗੂੰ ਜਕੜ ਲਿਆ ਹੋਵੇ।

ਨੋਟ: ਬਾਕੀ ਕਹਾਣੀਆਂ ਅਗਲੇ ਅੰਕ ਵਿੱਚ

Regd. No. 26361/75

ANU

234-F, Shaheed Bhagat Singh Nagar,
Ludhiana. India- 141013